# ਹੱਕ, ਜ਼ਿੰਮੇਵਾਰੀਆਂ ਅਤੇ ਹੋਰ ਮਹੱਤਵਪੂਰਨ ਜਾਣਕਾਰੀ

**ਨਕਦ ਸਹਾਇਤਾ ਅਤੇ CalFresh (ਫ਼ੂਡ ਸਟੈਂਪਾਂ) ਪ੍ਰੋਗ੍ਰਾਮ, ਅਤੇ/ਜਾਂ Medi-Cal/34-County Medical Services Program (ਕਾਉਂਟੀ ਮੈਡੀਕਲ ਸਰਵਿਸਿਜ਼ ਪ੍ਰੋਗ੍ਰਾਮ) (CMSP) ਲਈ**

ਇਹ ਪੰਨੇ ਤੁਹਾਨੂੰ ਤੁਹਾਡੇ ਹੱਕ, ਜ਼ਿੰਮੇਵਾਰੀਆਂ ਅਤੇ ਹੋਰ ਮਹਤੱਵਪੂਰਨ ਜਾਣਕਾਰੀ ਦਿੰਦੇ ਹਨ। ਕਾਉਂਟੀ ਨੂੰ ਇਹ ਵੇਖਣ ਲਈ, ਕਿ ਤੁਸੀਂ ਨਕਦ ਸਹਾਇਤਾ, CalFresh ਫ਼ਾਇਦਿਆਂ, ਅਤੇ/ਜਾਂ Medi-Cal/34-County CMSP ਲਈ ਯੋਗ ਹੋ ਜਾਂ ਨਹੀਂ, ਅਤੇ ਇਹ ਪਤਾ ਲਗਾਉਣ ਲਈ ਤੁਹਾਡੇ ਤੱਥ ਚਾਹੀਦੇ ਹਨ ਕਿ ਜੇਕਰ ਤੁਸੀਂ ਯੋਗ ਹੋ ਤਾਂ ਤੁਹਾਨੂੰ ਕਿੰਨੀ ਰਕਮ ਮਿਲੇਗੀ। ਜੇਕਰ ਤੁਹਾਨੂੰ ਵਧੇਰੀ ਜਾਣਕਾਰੀ ਦੀ ਲੋੜ ਹੈ ਜਾਂ ਤੁਹਾਡੇ ਕੋਈ ਸਵਾਲ ਹਨ, ਤਾਂ ਆਪਣੇ ਮੁਲਾਜ਼ਮ ਨੂੰ ਪੁੱਛੋ।

ਨਕਦ ਸਹਾਇਤਾ 'ਚ ਕੈਲੀਫ਼ੋਰਨੀਆ ਕਾਰਜ ਅਵਸਰ ਅਤੇ ਬੱਚਿਆਂ ਵੱਲ ਜ਼ਿੰਮੇਵਾਰੀ (CalWORKs) ਅਤੇ ਸ਼ਰਨਾਰਥੀ ਨਕਦ ਸਹਾਇਤਾ (RCA) ਸ਼ਾਮਲ ਹਨ।

Medi-Cal/34-County CMSP 'ਚ ਸਿਰਫ਼ ਸੰਪੂਰਨ Medi-Cal/34-County CMSP ਫ਼ਾਇਦੇ ਅਤੇ ਪ੍ਰਤੀਬੰਧਿਤ Medi-Cal/34-County CMSP ਅਪਾਤਕਾਲੀ ਅਤੇ ਗਰਭ ਅਵਸਥਾ ਸਬੰਧੀ ਦੇਖਭਾਲ ਸ਼ਾਮਲ ਹਨ।

**ਤੁਹਾਡੇ ਅਧਿਕਾਰ**

1. ਨਸਲ, ਰੰਗ, ਹਾਸ਼ਟਰੀ ਮੂਲ, ਧਰਮ, ਸਿਆਸੀ ਸਬੰਧ, ਵਿਵਾਹਕ ਸਥਿਤੀ, ਲਿੰਗ, ਅਸਮਰੱਥਾ, ਜਾਂ ਉਮਰ 'ਤੇ ਧਿਆਨ ਦਿੱਤੇ ਬਿਨਾਂ ਬਰਾਬਰੀ ਦਾ ਵਿਹਾਰ ਕੀਤਾ ਜਾਣਾ। ਜੇਕਰ ਤੁਸੀਂ ਇਹ ਮਹਿਸੂਸ ਕਰਦੇ ਹੋ ਕਿ ਤੁਹਾਡੇ ਨਾਲ ਪੱਖ-ਪਾਤ ਕੀਤਾ ਗਿਆ ਹੈ ਤਾਂ ਪਹਿਲਾਂ ਆਪਣੀ ਕਾਉਂਟੀ ਦੇ ਨਾਮਜ਼ਦ ਕੀਤੇ ਗਏ ਨਾਗਰਕ ਹੱਕ ਨੁਮਾਇੰਦੇ ਨਾਲ ਗੱਲ ਕਰ

   State Civil Rights Bureau
   744 P Street, MS 8-16-70
   P.O. Box 944243
   Sacramento, CA 94244-2430

   ਕੇ ਜਾਂ ਲਿੱਖ ਕੇ ਜਾਂ ਟੋਲ-ਫ੍ਰੀ 1-866-741-6241 'ਤੇ ਜਾਂ ਸੁਣਨ ਦੀ ਤਕਲੀਫ਼ ਵਾਲਿਆਂ ਲਈ TDD 1-800-688-4486 'ਤੇ ਕਾਲ ਕਰ ਕੇ ਪੱਖ-ਪਾਤ ਦੀ ਸ਼ਿਕਾਇਤ ਦਰਜ ਕਰਵਾ ਸਕਦੇ ਹੋ।

2. ਜੇਕਰ ਤੁਸੀਂ ਅਸਮਰੱਥ ਹੋ ਤਾਂ ਨਕਦ ਸਹਾਇਤਾ, ਫ਼ਾਇਦਿਆਂ ਅਤੇ ਸੇਵਾਵਾਂ ਲਈ ਅਰਜ਼ੀ ਦੇਣ ਜਾਂ ਉਹ ਪ੍ਰਾਪਤ ਕਰਦੇ ਰਹਿਣ 'ਚ ਮਦਦ ਪ੍ਰਾਪਤ ਕਰਨਾ। ਜੇਕਰ ਕਿਸੇ ਅਸਮਰੱਥਾ ਕਰਕੇ ਤੁਹਾਨੂੰ ਮਦਦ ਦੀ ਲੋੜ ਹੈ, ਤਾਂ ਕਾਉਂਟੀ ਨੂੰ ਦੱਸੋ।

3. ਤੁਹਾਡੀ ਅਰਜ਼ੀ ਜਾਂ ਕੋਈ ਹੋਰ ਨਕਦ ਸਹਾਇਤਾ, CalFresh, ਜਾਂ Medi-Cal/34-County CMSP ਫ਼ਾਰਮ ਭਰਨ ਲਈ ਮਦਦ ਮੰਗਣਾ।

4. ਕਿਸੇ ਦੁਭਾਸ਼ੀਏ ਦੀ ਮੰਗ ਕਰਨਾ ਅਤੇ ਜੇਕਰ ਤੁਸੀਂ ਅੰਗਰੇਜ਼ੀ ਬੋਲ ਜਾਂ ਪੜ੍ਹ ਨਹੀਂ ਸਕਦੇ ਤਾਂ ਫ਼ਾਰਮਾਂ ਅਤੇ ਨੋਟਿਸਾਂ ਦਾ ਤਰਜਮਾ ਕਰਵਾਉਣਾ।

5. ਨਿਮਰਤਾ, ਲਿਹਾਜ਼ ਅਤੇ ਸਨਮਾਨ ਨਾਲ ਵਿਹਾਰ ਕੀਤਾ ਜਾਣਾ।

6. ਤੁਹਾਡੇ ਦੁਆਰਾ ਅਰਜ਼ੀ ਦੇਣ 'ਤੇ ਕਾਉਂਟੀ ਦੁਆਰਾ ਫ਼ੌਰਨ ਇੰਟਰਵਿਊ ਲਿਆ ਜਾਣਾ ਅਤੇ ਨਕਦ ਸਹਾਇਤਾ ਅਤੇ Medi-Cal/34-County CMSP ਲਈ 45 ਦਿਨਾਂ (ਜਾਂ ਜੇਕਰ ਅਸਮਰੱਥਾ ਨਿਰਧਾਰਤ ਕਰਨਾ ਜ਼ਰੂਰੀ ਹੈ ਤਾਂ Medi-Cal ਲਈ 90 ਦਿਨ) ਅਤੇ CalFresh ਫ਼ਾਇਦਿਆਂ ਲਈ 30 ਦਿਨਾਂ ਦੇ ਅੰਦਰ ਆਪਣੀ ਯੋਗਤਾ ਨਿਰਧਾਰਤ ਕਰਵਾਉਣਾ।

7. ਕਾਉਂਟੀ ਨਾਲ ਆਪਣੇ ਕੇਸ ਅਤੇ ਤੁਹਾਡੇ ਦੁਆਰਾ ਮੰਗ ਕਰਨ 'ਤੇ ਆਪਣੇ ਕੇਸ ਦੀ ਸਮੀਖਿਆ ਕਰਵਾਉਣ ਬਾਰੇ ਚਰਚਾ ਕਰੋ।

8. ਫ਼ੌਰਨ ਨਕਦ ਸਹਾਇਤਾ ਪ੍ਰਾਪਤ ਕਰਨ ਦੇ ਨਿਯਮ ਦੱਸਿਆ ਜਾਣਾ। ਜੇਕਰ ਸਾਨੂੰ ਲੱਗਦਾ ਹੈ ਕਿ ਤੁਸੀਂ ਯੋਗ ਹੋ ਸਕਦੇ ਹੋ, ਤਾਂ ਇਕ ਦਿਨ 'ਚ ਤੁਹਾਡਾ ਇਕ ਇੰਟਰਵਿਊ ਹੋਵੇਗਾ।

9. ਫ਼ੌਰਨ CalFresh ਪ੍ਰਾਪਤ ਕਰਨ ਦੇ ਨਿਯਮ ਦੱਸਿਆ ਜਾਣਾ। ਜੇਕਰ ਸਾਨੂੰ ਲੱਗਦਾ ਹੈ ਕਿ ਤੁਸੀਂ ਉਹ ਫ਼ੌਰਨ ਪ੍ਰਾਪਤ ਕਰਨ ਲਈ ਯੋਗ ਹੋ ਸਕਦੇ ਹੋ, ਤਾਂ ਫ਼ੌਰਨ ਤੁਹਾਡਾ ਇਕ ਇੰਟਰਵਿਊ ਹੋਵੇਗਾ ਅਤੇ ਤਿੰਨ ਦਿਨਾਂ ਦੇ ਅੰਦਰ CalFresh ਫ਼ਾਇਦੇ ਮਿਲਣਗੇ।

10. ਜੇਕਰ ਤੁਸੀਂ ਕਿਸੇ ਚਿਕਿਤਸੀ ਅਪਾਤਕਾਲ 'ਚ ਜਾਂ ਗਰਭਵਤੀ ਹੋ ਤਾਂ, ਜੇਕਰ ਤੁਸੀਂ ਯੋਗ ਹੋ, ਛੇਤੀ ਤੋਂ ਛੇਤੀ Medi-Cal/34-County CMSP ਪ੍ਰਾਪਤ ਕਰਨਾ।

11. ਜੇਕਰ ਤੁਸੀਂ ਇਕ ਕਾਉਂਟੀ ਤੋਂ ਕਿਸੇ ਹੋਰ ਕਾਉਂਟੀ 'ਚ ਜਾਂਦੇ ਹੋ ਅਤੇ ਜੇਕਰ ਤੁਸੀਂ ਯੋਗ ਰਹਿੰਦੇ ਹੋ ਤਾਂ ਕਿਸੇ ਰੁਕਾਵਟ ਤੋਂ ਬਿਨਾਂ ਨਕਦ ਸਹਾਇਤਾ ਅਤੇ Medi-Cal ਫ਼ਾਇਦੇ ਪ੍ਰਾਪਤ ਕਰਦੇ ਰਹਿਣਾ।

12. ਪੂਰਵ-ਵਿਆਪੀ Medi-Cal ਯੋਗਤਾ ਲਈ ਨਿਯਮਾਂ ਬਾਰੇ ਦੱਸਿਆ ਜਾਣਾ।

13. ਤੁਹਾਡੇ ਦੁਆਰਾ Medi-Cal ਲਈ ਅਰਜ਼ੀ ਦੇਣ 'ਤੇ, ਕਾਉਂਟੀ ਨੂੰ ਭੁਗਤਾਨ ਨਾ ਕੀਤੇ ਗਏ ਤੁਹਾਡੇ ਪਿਛਲੇ ਬਕਾਇਆ ਬਿਲ ਅਦਾ ਕਰ ਕੇ ਤੁਹਾਡੇ ਕਿਸੇ ਮੌਜੂਦਾ ਲਾਗਤ ਦੇ ਹਿੱਸੇ ਨੂੰ ਘਟਾਉਣਾ।

14. Medi-Cal ਲਈ ਯੋਗ ਹੋਣ 'ਤੇ ਪ੍ਰੀਪੇਡ ਸਿਹਤ ਯੋਜਨਾ (PHP), ਸੇਵਾ-ਲਈ-ਸ਼ੁਲਕ ਬੀਮਾ (ਜੇਕਰ ਉਪਲਬਧ ਹੈ), ਸਿਹਤ ਰਖਰਖਾਵ ਸੰਗਠਨ (HMO), ਜਾਂ Medi-Cal ਚੁਣਨਾ।

15. ਆਪਣੇ Medi-Cal ਫ਼ਾਇਦੇ ਪਛਾਣ ਕਾਰਡ (BIC) ਦੀ ਮੰਗ ਕਰਨਾ, ਜਾਂ EBT ਕਾਰਡ ਡਾਕ 'ਚ ਗੁਆਚਣ, ਖ਼ਰਾਬ, ਜਾਂ ਨਸ਼ਟ ਹੋਣ 'ਤੇ ਉਸਨੂੰ ਬਦਲਵਾਉਣਾ। ਕਾਉਂਟੀ ਤੁਹਾਨੂੰ ਦੱਸੇਗੀ ਕਿ ਤੁਸੀ ਯੋਗ ਹੋ ਜਾਂ ਨਹੀਂ।

16. ਜੇਕਰ ਤੁਹਾਡੀ ਆਮਦਨੀ ਘੱਟਦੀ ਜਾਂ ਬੰਦ ਹੁੰਦੀ ਹੈ ਤਾਂ ਵਾਧੂ ਰਕਮ ਦੀ ਮੰਗ ਕਰਨਾ (ਸਿਰਫ਼ ਨਕਦ ਸਹਾਇਤਾ)।

17. ਕਪੜਿਆਂ, ਰਿਹਾਇਸ਼ ਜਾਂ ਉਨ੍ਹਾਂ ਜ਼ਰੂਰੀ ਘਰੇਲੂ ਚੀਜ਼ਾਂ ਲਈ ਭੁਗਤਾਨਾਂ ਦੀ ਮੰਗ ਕਰਨਾ ਜੋ ਗੁਆਚ ਗਈਆਂ ਹਨ, ਖ਼ਰਾਬ ਹੋ ਗਈਆਂ ਹਨ ਜਾਂ ਅਚਾਨਕ ਅਤੇ ਉਚੇਚੇ ਹਾਲਾਤ ਕਰਕੇ ਉਂਝ ਅਣਉਪਲਬਧ ਹਨ (ਸਿਰਫ਼)।

18. ਚਲਦੀਆਂ ਖ਼ਾਸ ਜ਼ਰੂਰਤਾਂ ਜਿਵੇਂ, ਖ਼ਾਸ ਖ਼ੁਰਾਕ, ਚਾਲੂ ਡਾਕਟਰੀ ਦੇਖਭਾਲ ਲਈ ਆਵਾਜਾਈ, ਖ਼ਾਸ ਲਾਂਡਰੀ ਸੇਵਾ, ਉੱਚਾ ਸੁਣਨ ਵਾਲਿਆਂ ਲਈ ਟੈਲੀਫ਼ੋਨ, ਮਦਦਗਾਰ ਸੇਵਾਵਾਂ ਦੇ ਵਾਧੂ ਬਿਲ, ਲਈ ਭੁਗਤਾਨਾਂ ਦੀ ਮੰਗ ਕਰਨਾ (ਸਿਰਫ਼ ਨਕਦ ਸਹਾਇਤਾ)।

19. ਤੁਹਾਡੀ ਅਰਜ਼ੀ ਸਵੀਕਾਰ ਹੋਣ 'ਤੇ, ਨਕਾਰੀ ਜਾਣ ਤੇ, ਜਾਂ ਤੁਹਾਡੇ ਫ਼ਾਇਦੇ ਬਦਲਣ ਜਾਂ ਬੰਦ ਹੋਣ 'ਤੇ ਲਿਖਤੀ ਤੌਰ 'ਤੇ ਸੂਚਤ ਕੀਤਾ ਜਾਣਾ।

20. ਜਦੋਂ ਤਕ ਤੁਹਾਨੂੰ ਨਕਦ ਸਹਾਇਤਾ ਜਾਂ CalFresh ਫ਼ਾਇਦੇ ਨਾ ਮਿਲ ਰਹੇ ਹੋਣ ਅਤੇ ਤੁਹਾਡੇ ਲਈ ਸੰਗੀਨ ਜੁਰਮ ਸਬੰਧੀ ਗਿਰਫ਼ਤਾਰੀ ਦਾ ਵਾਰੰਟ ਜਾਰੀ ਨਹੀਂ ਕੀਤਾ ਗਿਆ ਹੈ, ਜਾਂ ਉਂਝ ਕਨੂੰਨ ਹੇਠ ਬੰਦੋਬਸਤ ਦੇ ਮੁਤਾਬਕ, ਕਾਉਂਟੀ ਅਤੇ ਸਟੇਟ ਦੁਆਰਾ ਤੁਹਾਡੇ ਰਿਕਾਰਡਸ ਨੂੰ ਗੁਪਤ ਰੱਖਿਆ ਜਾਣਾ।

21. ਜੇਕਰ ਤੁਸੀਂ ਕਾਉਂਟੀ ਦੁਆਰਾ ਕੀਤੀ ਗਈ ਕਿਸੇ ਕਾਰਵਾਈ ਨਾਲ ਸਹਿਮਤ ਨਹੀਂ ਹੋ ਤਾਂ ਕਾਉਂਟੀ 'ਚ ਕਿਸੇ ਨਾਲ ਗੱਲ ਕਰਨਾ ਜਾਂ ਬਾਕਾਇਦਾ ਸ਼ਿਕਾਇਤ ਦਰਜ ਕਰਵਾਉਣਾ। ਤੁਸੀਂ ਟੋਲ-ਫ੍ਰੀ 1-800-952-5253 'ਤੇ ਜਾਂ ਸੁਣਨ ਦੀ ਤਕਲੀਫ਼ ਵਾਲਿਆਂ ਲਈ, TDD 1-800-952-8349 'ਤੇ ਕਾਲ ਕਰ ਸਕਦੇ ਹੋ।

22. ਨਕਦ ਸਹਾਇਤਾ, CalFresh ਅਤੇ Medi-Cal ਲਈ ਕਾਉਂਟੀ ਦੀ ਕਾਰਵਾਈ ਤੋਂ ਬਾਅਦ 90 ਦਿਨਾਂ ਦੇ ਅੰਦਰ ਸਟੇਟ ਵੱਲੋਂ ਸੁਣਵਾਈ ਦੀ ਮੰਗ ਕਰਨਾ।

23. ਸਟੇਟ ਵੱਲੋਂ ਸੁਣਵਾਈ ਦੀ ਮੰਗ ਕਰਨ ਲਈ, ਤੁਸੀਂ ਕਾਉਂਟੀ ਨੂੰ ਪੱਤਰ ਲਿੱਖ ਸਕਦੇ ਹੋ ਜਾਂ ਉੱਪਰ ਆਈਟਮ 21 'ਚ ਦਿੱਤੇ ਗਏ ਸਟੇਟ ਟੋਲ-ਫ੍ਰੀ ਟੈਲੀਫ਼ੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।

24. ਆਪਣੇ ਆਪ, ਪਰਵਾਰ ਦੇ ਕਿਸੇ ਸਦੱਸ, ਮਿੱਤਰ, ਵਕੀਲ, ਜਾਂ ਤੁਹਾਡੀ ਪਸੰਦ ਦੇ ਕਿਸੇ ਵਿਅਕਤੀ ਦੁਆਰਾ ਸਟੇਟ ਵੱਲੋਂ ਸੁਣਵਾਈ 'ਚ ਨੁਮਾਇੰਦਗੀ ਕਰਵਾਉਣਾ। ਨੋਟ: ਤੁਹਾਡੇ ਸਥਾਨਕ ਕਨੂੰਨੀ ਸਹਾਇਤਾ ਦਫ਼ਤਰ ਜਾਂ ਵੈਲਫੇਅਰ ਹੱਕ ਗਰੁੱਪ ਤੋਂ ਤੁਹਾਨੂੰ ਮੁਫ਼ਤ ਕਨੂੰਨੀ ਮਦਦ ਮਿਲ ਸਕਦੀ ਹੈ।

25. ਅਜਿਹੀ ਕਿਸੇ ਥਾਂ ਤਕ ਢੁਕਵੀਂ ਪਹੁੰਚ ਪ੍ਰਾਪਤ ਕਰਨਾ ਜਿੱਥੇ ਤੁਸੀਂ ਬਹੁਤ ਘੱਟ ਖ਼ਰਚੇ ਜਾਂ ਕਿਸੇ ਖ਼ਰਚੇ ਤੋਂ ਬਿਨਾਂ ਆਪਣੇ ਨਕਦ ਫ਼ਾਇਦੇ ਕੱਢਵਾ ਸਕਦੇ ਹੋ।

26. ਇਕ ਬਰੋਸ਼ਰ ਪ੍ਰਾਪਤ ਕਰਨਾ ਜੋ ਤੁਹਾਨੂੰ ਤੁਹਾਡੇ EBT ਕਾਰਡ ਨੂੰ ਇਸਤੇਮਾਲ ਕਰਨ ਦਾ ਤਰੀਕਾ ਅਤੇ ਬਹੁਤ ਘੱਟ ਖ਼ਰਚੇ ਜਾਂ ਕਿਸੇ ਖ਼ਰਚੇ ਤੋਂ ਬਿਨਾਂ ਤੁਹਾਡੇ ਨਕਦ ਫ਼ਾਇਦੇ ਪ੍ਰਾਪਤ ਕਰਨ ਦਾ ਤਰੀਕਾ ਦੱਸੇਗਾ।

27. ਸ਼ੁਲਕ-ਮੁਕਤ ATMs ਅਤੇ ਦੁਕਾਨਾਂ ਦੀ ਸੂਚੀ ਪ੍ਰਾਪਤ ਕਰਨਾ ਜਿੱਥੇ ਤੁਹਾਨੂੰ ਆਪਣੇ EBT ਕਾਰਡ ਨਾਲ ਖਰੀਦਦਾਰੀ ਕਰਨ 'ਤੇ ਕਿਸੇ ਖ਼ਰਚੇ ਤੋਂ ਬਿਨਾਂ ਨਕਦ ਵਾਪਸੀ ਹੋ ਸਕਦੀ ਹੈ। ਤੁਹਾਨੂੰ ਆਪਣੇ ਕਾਉਂਟੀ ਮੁਲਾਜ਼ਮ ਤੋਂ ਜਾਂ www.ebt.ca.gov 'ਤੇ ਇਨ੍ਹਾਂ ਥਾਂਵਾਂ ਦੀ ਸੂਚੀ ਮਿਲ ਸਕਦੀ ਹੈ।

## ਤੁਹਾਡੀਆਂ ਜ਼ਿੰਮੇਵਾਰੀਆਂ

### ਨਾਗਰਕਤਾ/ਆਵਾਸ ਦਾ ਦਰਜਾ

ਝੂਠੀ ਗਵਾਹੀ ਦੇਣ ਲਈ ਸਜ਼ਾ ਦੇ ਬੰਦੋਬਸਤ ਹੇਠ ਇਸ 'ਤੇ ਦਸਤਖ਼ਤ ਕਰਨਾ ਕਿ ਨਕਦ ਸਹਾਇਤਾ ਅਤੇ CalFresh ਲਈ ਅਰਜ਼ੀ ਦੇਣ ਵਾਲਾ ਹਰ ਵਿਅਕਤੀ ਯੂ.ਐੱਸ. ਦਾ ਨਾਗਰਕ, ਯੂ.ਐੱਸ. ਦਾ ਵਸਨੀਕ ਹੈ, ਜਾਂ ਉਸਦਾ ਕਨੂੰਨੀ ਆਵਾਸ ਦਾ ਦਰਜਾ ਹੈ। ਇਹ ਯਕੀਨੀ ਬਣਾਉਣ ਲਈ ਅਸੀਂ U.S. Citizenship and Immigration Services (ਯੂ.ਐੱਸ.ਨਾਗਰਕਤਾ ਅਤੇ ਆਵਾਸ ਸੇਵਾਵਾਂ) (USCIS) ਤੋਂ ਆਵਾਸ ਦੇ ਦਰਜੇ ਸਬੰਧੀ ਜਾਣਕਾਰੀ ਦੀ ਜਾਂਚ ਕਰਾਂਗੇ ਕਿ ਵਿਅਕਤੀ ਯੋਗ ਹੈ ਜਾਂ ਨਹੀਂ। CalFresh ਲਈ, ਜੇਕਰ ਤੁਹਾਡੇ ਘਰ 'ਚ ਉਹ ਲੋਕ ਹਨ ਜੋ CalFresh ਫ਼ਾਇਦਿਆਂ ਲਈ ਅਰਜ਼ੀ ਨਹੀਂ ਦੇ ਰਹੇ ਹਨ, ਤਾਂ ਤੁਹਾਨੂੰ ਉਨ੍ਹਾਂ ਦੀ ਨਾਗਰਕਤਾ ਜਾਂ ਆਵਾਸ ਦਾ ਦਰਜਾ ਮੁਹੱਈਆ ਕਰਨ ਦੀ ਲੋੜ ਨਹੀਂ ਹੈ।

ਜੇਕਰ ਤੁਸੀਂ Medi-Cal/34-County CMSP ਚਾਹੁੰਦੇ ਹੋ, ਤਾਂ ਤੁਹਾਨੂੰ ਝੂਠੀ ਗਵਾਹੀ ਦੇਣ ਲਈ ਸਜ਼ਾ ਦੇ ਬੰਦੋਬਸਤ ਹੇਠ ਨਾਗਰਕਤਾ/ਆਵਾਸ ਦੇ ਦਰਜੇ ਦਾ ਇਕਰਾਰਨਾਮਾ ਮੁਹੱਈਆ ਕਰਨਾ ਪਵੇਗਾ। ਜੇਕਰ ਤੁਸੀਂ ਇਹ ਕਹਿੰਦੇ ਹੋ ਕਿ ਤੁਸੀਂ ਯੂ.ਐੱਸ. 'ਚ ਜਾਇਜ਼ ਸਥਾਈ ਰਿਹਾਇਸ਼ (LPR) ਵਾਲੇ ਗੈਰ-ਨਾਗਰਕ, ਜਾਇਜ਼ ਅਤੇ ਮੌਜੂਦਾ I-688 ਵਾਲੇ ਮਾਫ਼ ਕੀਤੇ ਗਏ ਵਿਦੇਸ਼ੀ ਜਾਂ ਸਥਾਈ ਤੌਰ 'ਤੇ ਕਨੂੰਨ ਦੇ ਰੰਗ ਹੇਠ ਰਹਿਣ ਵਾਲੇ (PRUCOL) ਗੈਰ-ਨਾਗਰਕ ਹੋ, ਤਾਂ USCIS ਤੋਂ ਤੁਹਾਡੇ ਆਵਾਸ ਦੇ ਦਰਜੇ ਦੀ ਜਾਂਚ ਕੀਤੀ ਜਾਵੇਗੀ। ਜਦੋਂ ਤਕ ਤੁਸੀਂ ਧੋਖੇਬਾਜ਼ੀ ਨਾ ਕਰ ਰਹੇ ਹੋਵੋਂ, ਬਿਨੈਕਾਰ ਦੇ ਆਵਾਸ ਦੇ ਦਰਜੇ ਦੀ ਤਸਦੀਕ ਕਰਨ ਲਈ USCIS ਨੂੰ ਪ੍ਰਾਪਤ ਹੋਣ ਵਾਲੀ ਜਾਣਕਾਰੀ ਸਿਰਫ਼ Medi-Cal/34-County CMSP ਲਈ ਯੋਗਤਾ ਨਿਰਧਾਰਤ ਕਰਨ ਲਈ ਵਰਤੀ ਜਾ ਸਕਦੀ ਹੈ, ਅਤੇ ਆਵਾਸ ਦੀ ਤਾਮੀਲ ਲਈ ਇਸਤੇਮਾਲ ਨਹੀਂ ਕੀਤੀ ਜਾ ਸਕਦੀ।

### ਉਂਗਲਾਂ ਦੇ ਨਿਸ਼ਾਨ ਲੈਣਾ/ਫ਼ੋਟੋ ਪ੍ਰਤੀਬਿੰਬ ਬਣਾਉਣਾ

ਨਕਦ ਸਹਾਇਤਾ ਲਈ ਯੋਗ ਪਰਵਾਰ ਦੇ ਸਭ ਬਾਲਗ ਸਦੱਸਾਂ, ਅਤੇ ਸਿਰਫ਼-ਬੱਚਾ ਅਨੁਦਾਨ ਲਈ ਅਰਜ਼ੀ ਦੇਣ ਵਾਲੇ ਕਿਸੇ ਵੀ ਬਾਲਗ, ਦੀਆਂ ਉਂਗਲਾਂ ਦੇ ਨਿਸ਼ਾਨ ਲਏ ਜਾਣੇ/ਫ਼ੋਟੋ ਪ੍ਰਤੀਬਿੰਬ ਬਣਾਏ ਜਾਣੇ ਚਾਹੀਦੇ ਹਨ। ਜੇਕਰ ਤੁਹਾਡੇ ਲਈ ਇਸ ਨਿਯਮ ਨੂੰ ਪੂਰਾ ਕਰਨਾ ਜ਼ਰੂਰੀ ਹੈ ਪਰ ਉਂਗਲਾਂ ਦੇ ਨਿਸ਼ਾਨ ਨਹੀਂ ਲਏ ਜਾਂਦੇ/ਫ਼ੋਟੋ ਪ੍ਰਤੀਬਿੰਬ ਨਹੀਂ ਬਣਾਏ ਜਾਂਦੇ, ਤਾਂ ਪੂਰੇ ਪਰਵਾਰ ਨੂੰ ਨਕਦ ਸਹਾਇਤਾ ਫ਼ਾਇਦੇ ਨਹੀਂ ਮਿਲਣਗੇ। (ਨੀਤੀਆਂ ਅਤੇ ਪਰਕਿਰਿਆਵਾਂ ਦਾ ਮੈਨੂਅਲ (MPP) ਖੰਡ 40-105.3.)

ਉਂਗਲਾਂ ਦੇ ਨਿਸ਼ਾਨ/ਫ਼ੋਟੋ ਪ੍ਰਤੀਬਿੰਬ ਗੁਪਤ ਹਨ ਅਸੀਂ ਸਿਰਫ਼ ਧੋਖੇਬਾਜ਼ੀ ਨੂੰ ਰੋਕਣ ਜਾਂ ਤੁਹਾਡੇ ਖ਼ਿਲਾਫ਼ ਵੈਲਫ਼ੇਅਰ ਸਬੰਧੀ ਧੋਖੇ ਲਈ ਅਪਰਾਧਕ ਮੁਕੱਦਮਾ ਦਰਜ ਕਰਨ ਲਈ ਉਹ ਇਸਤੇਮਾਲ ਕਰ ਸਕਦੇ ਹਾਂ।

### ਸਮਾਜਕ ਸੁਰੱਖਿਆ ਨੰਬਰ (SSN) ਸਬੰਧੀ ਨਿਯਮ

ਟੈਕਸ, ਵੈਲਫ਼ੇਅਰ, ਰੋਜ਼ਗਾਰ, ਸਮਾਜਕ ਸੁਰੱਖਿਆ ਪ੍ਰਬੰਧਨ ਅਤੇ ਦੂਜੀਆਂ ਏਜੰਸੀਆਂ ਤੋਂ ਪ੍ਰਾਪਤ ਰਿਕਾਰਡਾਂ ਨਾਲ ਆਮਦਨੀ ਅਤੇ ਵਸੀਲਿਆਂ ਦੀ ਜਾਂਚ ਕਰਨ ਲਈ ਇਕ ਕੰਪਿਊਟਰ ਮਿਲਾਨ 'ਚ SSNs ਇਸਤੇਮਾਲ ਕੀਤੇ ਜਾਣਗੇ। ਮਾਲਕਾਂ, ਬੈਂਕਾਂ ਜਾਂ ਦੂਜਿਆਂ ਤੋਂ ਫ਼ਰਕ ਪਤਾ ਲਗਾਏ ਜਾ ਸਕਦੇ ਹਨ। ਗਲਤ ਬਿਆਨ ਦੇਣਾ ਜਾਂ ਨਕਦ ਸਹਾਇਤਾ, CalFresh ਅਤੇ Medi-Cal/34-County CMSP ਲਈ ਯੋਗਤਾ ਅਤੇ ਸਹਾਇਤਾ ਭੁਗਤਾਨਾਂ ਨੂੰ ਪ੍ਰਭਾਵਤ ਕਰਨ ਵਾਲੇ ਸਭ ਤੱਥ ਜਾਂ ਸਥਿਤੀਆਂ ਦੀ ਜਾਣਕਾਰੀ ਦੇਣ 'ਚ ਨਾਕਾਮਯਾਬ ਰਹਿਣ ਦੇ ਨਤੀਜੇ ਵਜੋਂ ਫ਼ਾਇਦਿਆਂ ਦਾ ਮੁੜ-ਭੁਗਤਾਨ ਅਤੇ/ਜਾਂ ਫ਼ੌਜਦਾਰੀ ਜਾਂ ਦੀਵਾਨੀ ਕਾਰਵਾਈ ਹੋ ਸਕਦੀ ਹੈ।

ਨਕਦ ਸਹਾਇਤਾ ਅਤੇ CalFresh ਦੇ ਫ਼ਾਇਦੇ: ਤੁਹਾਨੂੰ ਨਕਦ ਸਹਾਇਤਾ ਅਤੇ/ਜਾਂ CalFresh ਦੇ ਹਰ ਬਿਨੈਕਾਰ ਜਾਂ ਪ੍ਰਾਪਤਕਰਤਾ ਲਈ ਸਾਨੂੰ SSN ਦੇਣਾ ਪਵੇਗਾ। ਜੇਕਰ ਤੁਸੀਂ SSN ਜਾਂ SSN ਲਈ ਅਰਜ਼ੀ ਦਾ ਸਬੂਤ ਦੇਣ ਤੋਂ ਇਨਕਾਰ ਕਰਦੇ ਹੋ, ਤਾਂ ਤੁਸੀਂ ਨਕਦ ਸਹਾਇਤਾ ਜਾਂ CalFresh ਫ਼ਾਇਦੇ ਪ੍ਰਾਪਤ ਨਹੀਂ ਕਰ ਸਕੋਗੇ। CalFresh ਲਈ, ਜੇਕਰ ਤੁਹਾਡੇ ਘਰ 'ਚ ਉਹ ਲੋਕ ਹਨ ਜੋ CalFresh ਫ਼ਾਇਦਿਆਂ ਲਈ ਅਰਜ਼ੀ ਨਹੀਂ ਦੇ ਰਹੇ ਹਨ, ਤਾਂ ਤੁਹਾਨੂੰ ਉਨ੍ਹਾਂ ਦਾ SSN ਦੇਣ ਦੀ ਲੋੜ ਨਹੀਂ ਹੈ। ਨਕਦ ਸਹਾਇਤਾ ਲਈ, ਤੁਹਾਨੂੰ ਨਕਦ ਸਹਾਇਤਾ ਲਈ ਅਰਜ਼ੀ ਦੇਣ ਤੋਂ ਬਾਅਦ 30 ਦਿਨਾਂ ਦੇ ਅੰਦਰ SSN ਲਈ ਅਰਜ਼ੀ ਦਾ ਸਬੂਤ ਦੇਣਾ ਪਵੇਗਾ ਅਤੇ SSN ਮਿਲਣ 'ਤੇ ਕਾਉਂਟੀ ਨੂੰ ਉਹ ਦੇਣਾ ਪਵੇਗਾ। (MPP ਖੰਡ 40-105.2).

Medi-Cal/34-County CMSP ਲਈ ਹਰ ਬਿਨੈਕਾਰ, ਜੋ ਕਹਿੰਦਾ/ਕਹਿੰਦੀ ਹੈ ਕਿ ਉਹ ਯੂ.ਐੱਸ. ਦਾ ਨਾਗਰਕ, ਯੂ.ਐੱਸ. ਦਾ ਵਸਨੀਕ, ਯੂ.ਐੱਸ. 'ਚ LPR, ਜਾਇਜ਼ ਅਤੇ ਮੌਜੂਦਾ I-688, ਜਾਂ PRUCOL, ਵਾਲਾ ਮਾਫ਼ ਕੀਤਾ ਗਿਆ ਵਿਦੇਸ਼ੀ ਹੈ, ਨੂੰ SSN ਜਾਂ SSN ਲਈ ਅਰਜ਼ੀ ਦਾ ਸਬੂਤ ਦੇਣ ਤੋਂ ਇਨਕਾਰ ਕਰਨ 'ਤੇ Medi-Cal ਪ੍ਰਾਪਤ ਕਰਨ ਲਈ ਅਯੋਗ ਠਹਿਰਾਇਆ ਜਾਵੇਗਾ। ਕੋਈ ਵੀ ਗੈਰ-ਨਾਗਰਕ ਜਿਸ ਕੋਲ SSN ਨਹੀਂ ਹੈ ਅਤੇ ਜੋ ਜਾਇਜ਼ ਅਤੇ ਮੌਜੂਦਾ I-688 ਜਾਂ LPR ਜਾਂ PRUCOL ਵਾਲਾ ਮਾਫ਼ ਕੀਤਾ ਗਿਆ ਵਿਦੇਸ਼ੀ ਨਹੀਂ ਹੈ, ਉਸਨੂੰ ਫੇਰ ਵੀ ਸੀਮਿਤ Medi-Cal/34-County CMSP ਮਿਲ ਸਕਦੇ ਹਨ ਜੇਕਰ ਉਹ, ਕੈਲੀਫ਼ੋਰਨੀਆ ਰਿਹਾਇਸ਼ ਸਮੇਤ, ਯੋਗਤਾ ਸਬੰਧੀ ਸਭ ਨਿਯਮਾਂ ਦੀ ਪਾਲਣਾ ਕਰਦਾ/ਕਰਦੀ ਹੈ।

### ਤਸਦੀਕ(ਤਸਦੀਕਾਂ)

ਤੁਹਾਡੀ ਯੋਗਤਾ ਦੇ ਸਮਰਥਨ 'ਚ ਸਬੂਤਦੇਣਾ। ਜੇਕਰ ਤੁਸੀਂ ਸਬੂਤ ਪ੍ਰਾਪਤ ਨਹੀਂ ਕਰ ਸਕਦੇ, ਤਾਂ ਉਹ ਪ੍ਰਾਪਤ ਕਰਨ 'ਚ ਅਸੀਂ ਤੁਹਾਡੀ ਮਦਦ ਕਰਾਂਗੇ। ਤੁਹਾਨੂੰ ਤੀਜੀ ਧਿਰ ਲਈ ਰਿਲੀਜ਼ ਜਾਂਇਕ ਸ਼ਪਥਬੱਧ ਕਥਨ 'ਤੇ ਦਸਤਖ਼ਤ ਕਰਨ ਦੀ ਲੋੜ ਹੋ ਸਕਦੀ ਹੈ। (MPP ਖੰਡ 40-105.1; 40-157.212; 40-157.213)

### ਸਹਿਯੋਗ

ਕਾਉਂਟੀ, ਸਟੇਟ ਅਤੇ ਸੰਘੀ ਮੁਲਾਜ਼ਮਾਂ ਨਾਲ ਸਹਿਯੋਗ ਕਰਨਾ। ਨਕਦ ਸਹਾਇਤਾ ਲਈ, ਕਾਉਂਟੀ ਦਾ ਇਕ ਮੁਲਾਜ਼ਮ ਨਿਰਧਾਰਤ ਸਮੇਂ 'ਤੇ ਤੁਹਾਡੇ ਤੱਥ ਜਾਂਚਣ, ਜਿਸ 'ਚ ਪਰਵਾਰ ਦੇ ਹਰ ਸਦੱਸ ਨੂੰ ਵੇਖਣਾ ਸ਼ਾਮਲ ਹੈ, ਲਈ ਤੁਹਾਡੇ ਘਰ ਆ ਸਕਦਾ ਹੈ। ਜੇਕਰ ਤੁਸੀਂ ਸਹਿਯੋਗ ਨਹੀਂ ਕਰਦੇ ਤਾਂ ਹੋ ਸਕਦਾ ਹੈ ਤੁਹਾਨੂੰ ਫ਼ਾਇਦੇ ਨਾ ਮਿਲਣ ਜਾਂ ਤੁਹਾਡੇ ਫ਼ਾਇਦੇ ਬੰਦ ਕੀਤੇ ਜਾ ਸਕਦੇ ਹਨ।

### ਨਕਦ ਸਹਾਇਤਾ ਅਤੇ MEDI-CAL

ਅਜਿਹੇ ਕਿਸੇ ਫ਼ਾਇਦਿਆਂ ਜਾਂ ਆਮਦਨੀ, ਬਾਲ/ਜੀਵਨ-ਸਾਥੀ ਜਿਨ੍ਹਾਂ ਨੂੰ ਪ੍ਰਾਪਤ ਕਰਨ ਲਈ ਯੋਗ ਹੈ, ਲਈ ਅਰਜ਼ੀ ਦੇਣਾ, ਜਿਵੇਂ: ਬੇਰੋਜ਼ਗਾਰੀ (UIB) ਜਾਂ ਅਸਮਰੱਥਾ ਫ਼ਾਇਦੇ, ਤਜਰਬੇਕਾਰਾਂ ਲਈ ਫ਼ਾਇਦੇ, ਸਮਾਜਕ ਸੁਰੱਖਿਆ ਜਾਂ Medicare, ਵਗੈਰਾ।

### ਬਾਲ/ਜੀਵਨ-ਸਾਥੀ ਅਤੇ ਡਾਕਟਰੀ ਸਹਾਇਤਾ

ਕਾਉਂਟੀ ਅਤੇ ਸਥਾਨਕ ਬਾਲ ਸਹਾਇਤਾ ਏਜੰਸੀ ਨਾਲ ਇਨ੍ਹਾਂ ਲਈ ਸਹਿਯੋਗ ਕਰਨਾ:

- ਤੁਹਾਡੇ ਕੇਸ 'ਚ ਗੈਰ-ਹਾਜ਼ਰ ਮਾਤਾ/ਪਿਤਾ ਦੀ ਪਛਾਣ ਕਰਨਾ ਅਤੇ ਲੱਭਣਾ;
- ਤੁਹਾਨੂੰ ਕਿਸੇ ਵੀ ਸਮੇਂ ਗੈਰ-ਹਾਜ਼ਰ ਮਾਤਾ/ਪਿਤਾ ਬਾਰੇ ਜਾਣਕਾਰੀ, ਜਿਵੇਂ ਰਿਹਾਇਸ਼ ਦੀ ਥਾਂ ਜਾਂ ਕਾਰਜ ਅਸਥਾਨ, ਪ੍ਰਾਪਤ ਹੋਣ 'ਤੇ ਕਾਉਂਟੀ ਜਾਂ ਸਥਾਨਕ ਬਾਲ ਸਹਾਇਤਾ ਏਜੰਸੀ ਨੂੰ ਦੱਸਣਾ;
- ਲੋੜ ਪੈਣ 'ਤੇ ਤੁਹਾਡੇ ਕੇਸ 'ਚ ਕਿਸੇ ਵੀ ਬੱਚੇ ਦੇ ਪਿਤਾ ਦਾ ਬਿਓਰਾ ਸਥਾਪਤ ਕਰਨਾ;
- ਗੈਰ-ਹਾਜ਼ਰ ਮਾਤਾ/ਪਿਤਾ ਤੋਂ ਡਾਕਟਰੀ ਸਹਾਇਤਾ ਪ੍ਰਾਪਤ ਕਰਨਾ ਅਤੇ, ਜੇਕਰ ਤੁਹਾਨੂੰ ਨਕਦ ਸਹਾਇਤਾ ਮਿਲਦੀ ਹੈ, ਬਾਲ ਸਹਾਇਤਾ ਦੀ ਰਕਮ ਪ੍ਰਾਪਤ ਕਰਨਾ;
- ਸਥਾਨਕ ਬਾਲ ਸਹਾਇਤਾ ਏਜੰਸੀ ਨੂੰ ਕੋਈ ਚਿਕਿਤਸੀ ਸਹਾਇਤਾ ਦੀ ਰਕਮ ਅਤੇ, ਤੁਹਾਨੂੰ ਮਿਲਣ ਵਾਲੀ ਕੋਈ ਬਾਲ/ਜੀਵਨ-ਸਾਥੀ ਸਹਾਇਤਾ ਦੀ ਰਕਮ ਦੇਣਾ;
- ਕਾਉਂਟੀ ਨੂੰ ਚਿਕਿਤਸੀ ਬੀਮੇ ਜਾਂ ਗੈਰ-ਹਾਜ਼ਰ ਮਾਤਾ/ਪਿਤਾ ਦੁਆਰਾ ਚਿਕਿਤਸੀ ਸੇਵਾਵਾਂ ਲਈ ਭੁਗਤਾਨ ਕੀਤੀ ਗਈ ਰਕਮ ਬਾਰੇ ਦੱਸਣਾ।

ਜੇਕਰ ਤੁਸੀਂ ਕਿਸੇ ਵਾਜਬ ਕਾਰਨ ਤੋਂ ਬਿਨਾਂ ਸਹਿਯੋਗ ਕਰਨ 'ਚ ਨਾਕਾਮਯਾਬ ਰਹਿੰਦੇ ਹੋ ਤਾਂ ਤੁਹਾਡੀ ਨਕਦ ਸਹਾਇਤਾ ਘਟਾ ਦਿੱਤੀ ਜਾਵੇਗੀ। (MPP ਖੰਡ 40-157.212; 40-157.213).

## MEDI-CAL

### Benefits Identification Card (ਫ਼ਾਇਦੇ ਪਛਾਣ ਕਾਰਡ) (BIC)

- ਆਪਣਾ BIC ਮਿਲਣ 'ਤੇ ਉਸ 'ਤੇ ਦਸਤਖ਼ਤ ਕਰੋ ਅਤੇ ਉਸਨੂੰ ਸਿਰਫ਼ ਲੋੜਵੀਆਂ ਸਿਹਤ ਦੇਖਭਾਲ ਸੇਵਾਵਾਂ ਪ੍ਰਾਪਤ ਕਰਨ ਲਈ ਉਸਦੀ ਵਰਤੋਂ ਕਰੋ।
- **ਕਦੇ ਵੀ ਆਪਣਾ BIC ਨਾ ਸੁਟੋ** (ਜਦੋਂ ਤਕ ਅਸੀਂ ਤੁਹਾਨੂੰ ਇਕ ਨਵਾਂ BIC ਨਹੀਂ ਦਿੰਦੇ)। ਤੁਹਾਨੂੰ ਆਪਣਾ BIC ਰੱਖਣਾ ਪਵੇਗਾ ਭਾਵੇਂ ਤੁਹਾਨੂੰ Medi-Cal ਮਿਲਣਾ ਬੰਦ ਹੋ ਜਾਂਦਾ ਹੈ। ਜੇਕਰ ਤੁਹਾਨੂੰ ਨਕਦ ਸਹਾਇਤਾ ਜਾਂ Medi-Cal ਦੁਬਾਰਾ ਪ੍ਰਾਪਤ ਹੁੰਦੀ ਹੈ ਤਾਂ ਤੁਸੀਂ ਓਹੀ BIC ਇਸਤੇਮਾਲ ਕਰ ਸਕਦੇ ਹੋ।
- ਜਦੋਂ ਤੁਸੀਂ ਜਾਂ ਤੁਹਾਡੇ ਪਰਵਾਰ ਦਾ ਕੋਈ ਸਦੱਸ ਬੀਮਾਰ ਹੋਵੇ ਜਾਂ ਕੋਈ ਮੁਲਾਕਾਤ ਨਿਰਧਾਰਤ ਹੋਵੇ ਤਾਂ ਆਪਣੇ ਚਿਕਿਤਸੀ ਪ੍ਰਦਾਤਾ ਕੋਲ BIC ਲੈ ਕੇ ਜਾਓ।
- ਕਿਸੇ ਅਪਾਤਕਾਲ ਤੋਂ ਫ਼ੌਰਨ ਬਾਅਦ ਅਪਾਤਕਾਲੀ ਹਾਲਾਤ 'ਚ ਆਪਣਾ ਜਾਂ ਆਪਣੇ ਪਰਵਾਰ ਦੇ ਸਦੱਸ(ਸਦੱਸਾਂ) ਦਾ ਇਲਾਜ ਕਰਨ ਵਾਲੇ ਚਿਕਿਤਸੀ ਪ੍ਰਦਾਤਾ ਕੋਲ BIC ਲੈ ਕੇ ਜਾਓ।

### ਸਿਹਤ ਦੇਖਭਾਲ ਸੁਰੱਖਿਆ/ਬੀਮਾ

- ਤੁਹਾਡੇ ਜਾਂ ਪਰਵਾਰ ਦੇ ਕਿਸੇ ਸਦੱਸ ਕੋਲ ਉਪਲਬਧ ਕਿਸੇ ਸਿਹਤ ਦੇਖਭਾਲ ਸੁਰੱਖਿਆ/ਬੀਮੇ ਬਾਰੇ ਕਾਉਂਟੀ ਅਤੇ ਕਿਸੇ ਸਿਹਤ ਦੇਖਭਾਲ ਪ੍ਰਦਾਤਾ ਨੂੰ ਦੱਸਣਾ।
- ਤੁਹਾਨੂੰ ਅਤੇ ਤੁਹਾਡੇ ਪਰਵਾਰ ਕੋਲ ਉਪਲਬਧ ਕੋਈ ਸਿਹਤ ਬੀਮਾ ਮੁਫ਼ਤ ਜਾਂ ਕਿਸੇ ਵਾਜਬ ਖ਼ਰਚੇ 'ਤੇ ਰੱਖਣਾ।
- Medi-Cal/34-County CMSP ਇਸਤੇਮਾਲ ਕਰਨ ਤੋਂ ਪਹਿਲਾਂ ਕੋਈ ਪ੍ਰੀਪੇਡ ਸਿਹਤ ਯੋਜਨਾ, ਸਿਹਤ ਰਖਰਖਾਵ ਸੰਗਠਨ ਜਾਂ ਸਿਹਤ ਦੇਖਭਾਲ ਬੀਮਾ ਯੋਜਨਾ ਇਸਤੇਮਾਲ ਕਰਨਾ, ਜਦੋਂ ਤਕ ਯੋਜਨਾ ਲੋੜੀਂਦੀ ਚਿਕਿਤਸੀ ਸੇਵਾ ਪੇਸ਼ ਨਹੀਂ ਕਰਦੀ। ਤੁਹਾਨੂੰ ਉਹ ਇਸਤੇਮਾਲ ਕਰਨ ਦੀ ਲੋੜ ਹੈ ਕਿਉਂਕਿ Medi-Cal ਇਨ੍ਹਾਂ ਬੀਮਾ ਯੋਜਨਾਵਾਂ ਦੁਆਰਾ ਭੁਗਤਾਨ ਕੀਤੀ ਗਈ ਅਤੇ/ਜਾਂ ਮੁਹੱਈਆ ਕੀਤੀ ਜਾਣ ਵਾਲੀ ਕਿਸੇ ਸੇਵਾ ਲਈ ਭੁਗਤਾਨ ਨਹੀਂ ਕਰੇਗੀ।
- Medi-Cal ਦੁਆਰਾ ਸਟੇਟ ਆੱਫ਼ ਕੈਲੀਫ਼ੋਰਨੀਆ ਦੁਆਰਾ ਯੋਜਨਾਵਾਂ ਦੇ ਪ੍ਰੀਮੀਅਮ ਅਦਾ ਕਰਨਾ ਸਵੀਕਾਰ ਕਰਨ 'ਤੇ ਰੋਜ਼ਗਾਰ-ਸਬੰਧੀ ਸਮੂਹਕ ਸਿਹਤ ਯੋਜਨਾ 'ਚ ਸ਼ਾਮਲ ਹੋਣਾ ਅਤੇ ਉਸ 'ਚ ਬਣੇ ਰਹਿਣਾ।

# ਤੁਹਾਡੀਆਂ ਰਿਪੋਰਟਿੰਗ ਦੀਆਂ ਜ਼ਿੰਮੇਵਾਰੀਆਂ

ਤੁਹਾਨੂੰ ਕਾਉਂਟੀ ਨੂੰ ਕੁਝ ਜਾਣਕਾਰੀ ਦੇਣੀ ਚਾਹੀਦੀ ਹੈ। ਜੇਕਰ ਤੁਸੀਂ ਇਸ ਬਾਰੇ ਯਕੀਨੀ ਨਹੀਂ ਹੋ ਕਿ ਜਾਣਕਾਰੀ ਕਿੰਝ ਦੇਣੀ ਹੈ, ਕੀ ਜਾਣਕਾਰੀ ਦੇਣੀ ਹੈ, ਜਾਂ ਸਾਨੂੰ ਕਿਹੜੇ ਸਬੂਤ ਦੀ ਲੋੜ ਹੈ, ਤਾਂ ਆਪਣੇ ਮੁਲਾਜ਼ਮ ਨੂੰ ਪੁੱਛੋ। ਜੇਕਰ ਤੁਹਾਨੂੰ CalFresh ਫ਼ਾਇਦੇ ਮਿਲਦੇ ਹਨ, ਤਾਂ ਤੁਹਾਡਾ ਮੁਲਾਜ਼ਮ ਤੁਹਾਨੂੰ ਦੱਸੇਗਾ ਕਿ ਤੁਹਾਡਾ ਪਰਵਾਰ ਅਰਧ-ਵਾਰਸ਼ਿਕ ਹੈ ਜਾਂ ਬਦਲਾਵ ਦੀ ਜਾਣਕਾਰੀ ਦੇਣ ਵਾਲਾ ਹੈ। ਜੇਕਰ ਤੁਹਾਨੂੰ Medi-Cal/34-County CMSP ਮਿਲਦੇ ਹਨ, ਤਾਂ ਕਾਉਂਟੀ ਤੁਹਾਨੂੰ ਦੱਸੇਗੀ ਕਿ ਤੁਹਾਨੂੰ ਕਦੋਂ ਜਾਣਕਾਰੀ ਦੇਣੀ ਚਾਹੀਦੀ ਹੈ। (MPP ਖੰਡ 40-181)।

**CalWORKs ਬਿਨੈਕਾਰ** - ਜੇ ਤੁਹਾਡੇ ਦੁਆਰਾ ਕਾਉਂਟੀ ਨੂੰ ਦੱਸਿਆ ਗਿਆ ਕੋਈ ਵੀ ਤੱਥ ਬਦਲਦਾ ਹੈ, ਤਾਂ ਤੁਹਾਨੂੰ 5 ਦਿਨਾਂ ਦੇ ਅੰਦਰ ਨਵੇਂ ਤੱਥ ਕਾਉਂਟੀ ਨੂੰ ਦੱਸਣੇ ਪੈਣਗੇ।

### ਤੁਹਾਨੂੰ ਰਿਪੋਰਟ ਕਿੰਝ ਦੇਣੀ ਚਾਹੀਦੀ ਹੈ

**ਨਕਦ ਸਹਾਇਤਾ ਅਤੇ CalFresh ਅਰਧ-ਵਾਰਸ਼ਿਕ ਰਿਪੋਰਟਿੰਗ ਲਈ,** ਤੁਹਾਡੇ ਸਾਲਾਨਾ SAWS 2 ਤੋਂ ਇਲਾਵਾ ਤੁਹਾਨੂੰ ਆਪਣੇ ਰਿਪੋਰਟ ਭੇਜਣ ਦੇ ਮਹੀਨੇ ਦੀ ਪੰਜ ਤਾਰੀਖ਼ ਤਕ ਇਕ ਅਰਧ-ਵਾਰਸ਼ਿਕ ਯੋਗਤਾ ਰਿਪੋਰਟ (SAR 7) ਜਮ੍ਹਾਂ ਕਰਨੀ ਪਵੇਗੀ ਅਤੇ 10 ਦਿਨਾਂ ਦੇ ਅੰਦਰ ਕਾਉਂਟੀ ਨੂੰ ਸਭ ਲੋੜੀਂਦੇ ਬਦਲਾਵਾਂ ਦੀ ਜਾਣਕਾਰੀ ਦੇਣੀ ਪਵੇਗੀ।

**CalFresh ਜਾਣਕਾਰੀ ਦੇਣ ਲਈ,** ਤੁਹਾਨੂੰ 10 ਦਿਨਾਂ ਦੇ ਅੰਦਰ ਸਭ ਬਦਲਾਵਾਂ ਦੀ ਜਾਣਕਾਰੀ ਦੇਣੀ ਪਵੇਗੀ:

- ਡਾਕ, ਟੈਲੀਫ਼ੋਨ ਰਾਹੀਂ, ਜਾਂ ਵਿਅਕਤਕ ਤੌਰ 'ਤੇ ਕਾਉਂਟੀ ਦੇ CalFresh ਦਫ਼ਤਰ 'ਚ; ਜਾਂ
- SAR 3 ਜਾਂ AR 3 'ਚ; ਜਾਂ
- CF 377.5, CalFresh ਪਰਵਾਰਕ ਬਦਲਾਵ ਜਾਣਕਾਰੀ, 'ਚ

**Medi-Cal ਲਈ,** ਤੁਹਾਨੂੰ 10 ਦਿਨਾਂ ਦੇ ਅੰਦਰ ਸਭ ਬਦਲਾਵਾਂ ਦੀ ਜਾਣਕਾਰੀ ਦੇਣੀ ਪਵੇਗੀ ਅਤੇ ਕਾਉਂਟੀ ਦੁਆਰਾ ਤੁਹਾਨੂੰ ਇਕ ਸਥਿਤੀ ਰਿਪੋਰਟ ਭੇਜਣ ਜਾਂ ਦੇਣ ਦੇ ਮਹੀਨੇ ਦੀ 5 ਤਾਰੀਖ਼ ਤਕ ਪੂਰੀ ਸਥਿਤੀ ਰਿਪੋਰਟ ਜਮ੍ਹਾਂ ਕਰਨੀ ਪਵੇਗੀ।

### ਤੁਹਾਨੂੰ ਰਿਪੋਰਟ ਕਦੋਂ ਦੇਣੀ ਪਵੇਗੀ

**ਨਕਦ ਸਹਾਇਤਾ ਅਤੇ CalFresh ਲਈ ਅਰਧ-ਵਾਰਸ਼ਿਕ ਰਿਪੋਰਟਿੰਗ**

ਅਰਧ-ਵਾਰਸ਼ਿਕ ਰਿਪੋਰਟਿੰਗ (SAR) ਨਿਯਮਾਂ ਦੇ ਮੁਤਾਬਕ ਤੁਹਾਨੂੰ ਸਾਲ 'ਚ ਦੋ ਵਾਰ ਕੁਝ ਚੀਜ਼ਾਂ ਦੀ ਜਾਣਕਾਰੀ ਦੇਣੀ ਪਵੇਗੀ। ਪਹਿਲੀ ਰਿਪੋਰਟ ਤੁਹਾਡੇ ਤੱਥਾਂ ਦੇ ਕਥਨ (SAWS 2 PLUS) ਫ਼ਾਰਮ 'ਤੇ ਤੁਹਾਡੀ ਅਰਜ਼ੀ ਜਾਂ ਮੁੜ-ਨਿਰਧਾਰਣ/ਮੁੜ-ਪ੍ਰਮਾਣੀਕਰਣ (RD/RC) ਹੋਵੇਗੀ। ਦੂਜੀ ਰਿਪੋਰਟ ਅਰਧ-ਵਾਰਸ਼ਿਕ ਯੋਗਤਾ ਰਿਪੋਰਟ (SAR 7) ਹੋਵੇਗੀ। SAR 7 ਰਿਪੋਰਟ ਹਮੇਸ਼ਾ ਤੁਹਾਡੀ ਅਰਜ਼ੀ ਜਾਂ ਸਾਲਾਨਾ RD/RC ਤੋਂ ਬਾਅਦ ਛੇਵੇਂ ਮਹੀਨੇ ਦੀ 5 ਤਾਰੀਖ਼ ਨੂੰ ਨਿਯਤ ਹੁੰਦੀ ਹੈ ਅਤੇ ਮਹੀਨੇ ਦੀ 11 ਤਾਰੀਖ਼ ਤਕ ਪ੍ਰਾਪਤ ਨਾ ਹੋਣ 'ਤੇ ਉਸ 'ਚ ਦੇਰ ਮੰਨੀ ਜਾਵੇਗੀ। ਜੇਕਰ ਤੁਹਾਡੀ SAR 7 'ਚ ਦੇਰ ਹੁੰਦੀ ਹੈ ਤਾਂ ਤੁਹਾਨੂੰ ਅਜਿਹੀ ਕਿਸੇ ਨਕਦ ਸਹਾਇਤਾ ਜਾਂ CalFresh ਲਈ ਮੁੜ-ਭੁਗਤਾਨ ਕਰਨਾ ਪਵੇਗਾ ਜੋ ਤੁਹਾਨੂੰ ਨਹੀਂ ਮਿਲਣੇ ਚਾਹੀਦੇ ਸਨ। ਤੁਹਾਨੂੰ ਕੁੱਲ ਆਮਦਨੀ, ਅਤੇ ਆਪਣੀ ਕੁੱਲ ਆਮਦਨੀ 'ਚ ਅਜਿਹੇ ਕਿਸੇ ਬਦਲਾਵਾਂ, ਜੋ ਤੁਹਾਨੂੰ ਯਕੀਨ ਹੈ ਅਗਲੇ ਛੇ ਮਹੀਨਿਆਂ 'ਚ ਹੋਣਗੇ, ਤੁਹਾਡੇ ਘਰ 'ਚ ਲੋਕਾਂ ਦੀ ਸੰਖਿਆ 'ਚ ਬਦਲਾਵਾਂ ਅਤੇ ਘਰ 'ਚ ਕਿਸੇ ਨਵੇਂ ਸਦੱਸ ਬਾਰੇ, ਅਤੇ ਤੁਹਾਡੇ ਘਰ ਦੇ ਲੋਕਾਂ ਦੁਆਰਾ ਖਰੀਦੀ ਜਾਂ ਵੇਚੀ ਗਈ ਕਿਸੇ ਸੰਪੱਤੀ ਦੀ ਜਾਣਕਾਰੀ ਦੇਣੀ ਪਵੇਗੀ। ਰਿਪੋਰਟ ਭੇਜਣ ਦਾ ਮਹੀਨਾ SAR 7 ਫ਼ਾਰਮ ਦੇ ਉੱਪਰਲੇ ਹਿੱਸੇ 'ਚ ਮੌਜੂਦ ਹੋਵੇਗਾ। ਜੇਕਰ ਤੁਸੀਂ ਆਪਣੀ ਰਿਪੋਰਟ ਨਿਯਤ ਹੋਣ ਤੋਂ ਬਾਅਦ ਦੇ ਮਹੀਨੇ ਦਾ ਪਹਿਲਾ ਕਾਰਜੀ ਦਿਨ ਖ਼ਤਮ ਹੋਣ ਤਕ ਪੂਰਾ ਭਰਿਆ ਗਿਆ SAR 7 ਜਮ੍ਹਾਂ ਨਹੀਂ ਕਰਦੇ, ਤਾਂ ਤੁਹਾਡੇ ਪਰਵਾਰ ਦੇ ਫ਼ਾਇਦੇ ਬੰਦ ਕਰ ਦਿੱਤੇ ਜਾਣਗੇ। ਜੇਕਰ ਤੁਸੀਂ ਆਪਣਾ SAR 7 ਨਿਯਤ ਹੋਣ ਦੇ ਮਹੀਨੇ ਤੋਂ ਅਗਲੇ ਮਹੀਨੇ 'ਚ ਕਿਸੇ ਵੀ ਸਮੇਂ ਪੂਰਾ ਭਰਿਆ ਗਿਆ SAR 7 ਜਮ੍ਹਾਂ ਕਰਦੇ ਹੋ, ਤਾਂ, ਜੇਕਰ ਫੇਰ ਵੀ ਤੁਸੀਂ ਯੋਗ ਹੋ, ਤੁਹਾਡੇ ਦੁਆਰਾ ਉਹ ਜਮ੍ਹਾਂ ਕਰਨ ਦੀ ਤਾਰੀਖ਼ ਤੋਂ ਤੁਹਾਡੇ ਪਰਵਾਰ ਦੇ ਫ਼ਾਇਦੇ ਮੁੜ ਸ਼ੁਰੂ ਕਰ ਦਿੱਤੇ ਜਾਣਗੇ।

ਤੁਹਾਨੂੰ ਅਰਧ-ਵਾਰਸ਼ਿਕ ਰਿਪੋਰਟ (SAR 7) 'ਚ ਕੀ ਜਾਣਕਾਰੀ ਦੇਣੀ ਪਵੇਗੀ

1. **ਕਮਾਈ ਗਈ ਆਮਦਨੀ:** ਰਿਪੋਰਟ ਭੇਜਣ ਦੇ ਮਹੀਨੇ 'ਚ ਤੁਹਾਨੂੰ ਜਾਂ ਤੁਹਾਡੇ ਘਰ 'ਚ ਕਿਸੇ ਵੀ ਵਿਅਕਤੀ ਨੂੰ ਪ੍ਰਾਪਤ ਹੋਈ ਸੰਪੂਰਨ ਕੁੱਲ ਆਮਦਨੀ। ਇਸ 'ਚ ਮਿਹਨਤਾਨੇ; ਬਖ਼ਸ਼ੀਸ਼ਾਂ; ਛੁੱਟੀਆਂ 'ਚ ਆਮਦਨੀ; ਨਕਦ ਬੋਨਸ; In- Home Supportive Services (ਨੇਤਰਹੀਣ, ਬਜ਼ੁਰਗ ਜਾਂ ਅਸਮਰੱਥ ਲੋਕਾਂ ਲਈ ਸੇਵਾਵਾਂ) (IHSS); ਸਵੈ-ਰੋਜ਼ਗਾਰ ਜਾਂ ਕਿਸੇ ਸਿਖਲਾਈ ਕਾਰਜਕਰਮ ਤੋਂ ਪ੍ਰਾਪਤ ਰਕਮ; ਅਤੇ ਤੁਹਾਨੂੰ ਜਾਂ ਤੁਹਾਡੇ ਘਰ 'ਚ ਕਿਸੇ ਵੀ ਵਿਅਕਤੀ ਨੂੰ ਕੰਮ ਦੇ ਬਦਲੇ ਕਿਰਪਾ ਦੇ ਰੂਪ 'ਚ ਪ੍ਰਾਪਤ ਹੋਈ ਕੋਈ ਵੀ ਆਮਦਨੀ, ਜਿਵੇਂ ਮੁਫ਼ਤ ਕਿਰਾਇਆ, ਕਪੜੇ ਜਾਂ ਭੋਜਨ, ਸ਼ਾਮਲ ਹਨ।

2. **ਕਮਾਈ ਨਹੀਂ ਗਈ ਜਾਂ ਅਸਮਰੱਥਾ 'ਤੇ ਅਧਾਰਤ ਆਮਦਨੀ:** ਰਿਪੋਰਟ ਭੇਜਣ ਦੇ ਮਹੀਨੇ 'ਚ ਤੁਹਾਨੂੰ ਜਾਂ ਤੁਹਾਡੇ ਘਰ 'ਚ ਕਿਸੇ ਵੀ ਵਿਅਕਤੀ ਨੂੰ ਪ੍ਰਾਪਤ ਹੋਈ ਕੋਈ ਹੋਰ ਆਮਦਨੀ। ਇਸ 'ਚ ਬਾਲ/ਜੀਵਨ-ਸਾਥੀ ਸਹਾਇਤਾ; ਵਿਆਜ ਜਾਂ ਨਫ਼ੇ; ਜੂਏ/ਲਾਟਰੀ 'ਚ ਜਿੱਤੀ ਰਕਮ; ਬੀਮਾ ਜਾਂ ਕਨੂੰਨੀ ਸਮਝੌਤੇ; ਹੜਤਾਲ ਫ਼ਾਇਦੇ, ਨਕਦੀ, ਤੋਹਫ਼ੇ, ਕਰਜ਼, ਵਜ਼ੀਫ਼ੇ; ਟੈਕਸ ਵਾਪਸੀਆਂ, ਕੋਈ ਸਰਕਾਰੀ ਫ਼ਾਇਦੇ, ਜਿਵੇਂ ਸਮਾਜਕ ਸੁਰੱਖਿਆ, ਪੂਰਕ ਸੁਰੱਖਿਆ ਆਮਦਨੀ/ਸਟੇਟ ਪੂਰਕ ਭੁਗਤਾਨ (SSI/SSP), ਬੇਰੋਜ਼ਗਾਰੀ, ਮੁਲਾਜ਼ਮਾਂ ਲਈ ਮੁਆਵਜ਼ਾ, ਸਟੇਟ ਅਸਮਰੱਥਾ ਮੁਆਵਜ਼ਾ (SDI), ਤਜਰਬੇਕਾਰ ਜਾਂ ਰੇਲਰੋਡ ਤੋਂ ਸੇਵਾਨਿਵਿਰਤੀ, ਜਾਂ ਕੋਈ ਹੋਰ ਨਿੱਜੀ ਜਾਂ ਸਰਕਾਰੀ ਅਸਮਰੱਥਾ ਜਾਂ ਸੇਵਾਨਿਵਿਰਤੀ; ਕਿਰਾਏ ਤੋਂ ਆਮਦਨੀ ਅਤੇ ਕਿਰਾਇਆ ਸਹਾਇਤਾ; ਮੁਫ਼ਤ ਰਿਹਾਇਸ਼/ਮਦਦਗਾਰ ਸੇਵਾਵਾਂ/ਕਪੜੇ/ਭੋਜਨ; ਜਾਂ ਤੁਹਾਨੂੰ ਜਾਂ ਤੁਹਾਡੇ ਘਰ 'ਚ ਕਿਸੇ ਵਿਅਕਤੀ ਨੂੰ ਮਿਲੀ ਕਿਸੇ ਹੋਰ ਕਿਸਮ ਦੀ ਰਕਮ। ਤੁਹਾਨੂੰ ਆਪਣੇ SAR 7 'ਚ ਆਮਦਨੀ 'ਚ ਅਜਿਹੇ ਕਿਸੇ ਵੀ ਬਦਲਾਵਾਂ ਬਾਰੇ ਜਾਣਕਾਰੀ ਵੀ ਦੇਣੀ ਪਵੇਗੀ ਜੋ ਤੁਹਾਨੂੰ ਯਕੀਨ ਹੈ ਅਗਲੇ ਛੇ ਮਹੀਨਿਆਂ ਦੇ ਦੌਰਾਨ ਹੋਣਗੇ। ਇਸ 'ਚ ਕਮਾਈ ਗਈ, ਕਮਾਈ ਨਹੀਂ ਗਈ ਅਤੇ ਅਸਮਰੱਥਾ 'ਤੇ ਅਧਾਰਤ ਆਮਦਨੀ 'ਚ ਬਦਲਾਵ ਸ਼ਾਮਲ ਹਨ।

3. **ਸੰਪੱਤੀ:** ਕੋਈ ਵੀ ਸੰਪੱਤੀ ਜਿਸ 'ਚ ਸ਼ਾਮਲ ਹਨ: ਮੋਟਰ ਵਾਹਨ; ਬੈਂਕ ਖਾਤੇ; ਬਚਤ ਬੌਂਡਸ; ਬੀਮਾ ਪਾਲਿਸੀਆਂ; ਘਰ ਜਾਂ ਜ਼ਮੀਨ; ਟ੍ਰਸਟ; EBT ਨਕਦ ਬਕਾਇਆ, ਆਦਿ ਜੋ ਤੁਹਾਨੂੰ ਜਾਂ ਤੁਹਾਡੇ ਘਰ 'ਚ ਕਿਸੇ ਨੂੰ ਪਿਛਲੀ ਵਾਰੀ ਜਾਣਕਾਰੀ ਦੇਣ ਤੋਂ ਬਾਅਦ ਮਿਲਿਆ ਹੈ ਅਤੇ ਹੁਣ ਵੀ ਉਸਦੇ ਕੋਲ ਹੈ, ਭਾਵੇਂ ਉਹ ਖਰੀਦਿਆ ਗਿਆ ਸੀ, ਕਿਸੇ ਸੌਦੇ ਰਾਹੀਂ ਜਾਂ ਤੋਹਫ਼ੇ ਦੇ ਤੌਰ 'ਤੇ ਹੀ ਮਿਲਿਆ ਸੀ। ਇਹ ਫ਼ੈਸਲਾ ਕਰਨ ਲਈ ਕਾਉਂਟੀ ਇਹ ਜਾਣਕਾਰੀ ਇਸਤੇਮਾਲ ਕਰੇਗੀ ਕਿ ਤੁਹਾਡਾ ਪਰਵਾਰ ਸੰਪੱਤੀ ਦੀ ਸੀਮਾ ਨੂੰ ਪਾਰ ਕਰਦਾ ਹੈ ਜਾਂ ਨਹੀਂ। ਜੇਕਰ ਪਿਛਲੀ ਵਾਰੀ ਜਾਣਕਾਰੀ ਦੇਣ ਤੋਂ ਬਾਅਦ ਤੁਸੀਂ ਜਾਂ ਕਿਸੇ ਵਿਅਕਤੀ ਨੇ ਕੋਈ ਸੰਪੱਤੀ ਵੇਚੀ ਹੈ, ਉਸਦਾ ਸੌਦਾ ਕੀਤਾ ਹੈ ਜਾਂ ਦੇ ਦਿੱਤੀ ਹੈ ਤਾਂ ਵੀ ਤੁਹਾਨੂੰ ਉਸਦੀ ਜਾਣਕਾਰੀ ਦੇਣੀ ਪਵੇਗੀ।

4. **ਜੇਕਰ ਤੁਸੀਂ ਜਾਂ ਕੋਈ ਤੁਹਾਡੇ ਘਰ 'ਚ ਸ਼ਾਮਲ ਹੁੰਦਾ ਹੈ ਜਾਂ ਉਸਨੂੰ ਛੱਡ ਕੇ ਚਲਾ ਜਾਂਦਾ ਹੈ:** ਤੁਹਾਡੇ ਦੁਆਰਾ ਪਿਛਲੀ ਵਾਰੀ ਜਾਣਕਾਰੀ ਦੇਣ ਤੋਂ ਬਾਅਦ ਤੁਹਾਡੇ ਘਰ 'ਚ ਸ਼ਾਮਲ ਹੋਇਆ ਕੋਈ ਵਿਅਕਤੀ (ਨਵੇਂ ਜਣਮੇ ਬੱਚਿਆਂ ਸਮੇਤ) ਅਤੇ ਹੁਣ ਵੀ ਮੌਜੂਦ ਹੈ। ਤੁਹਾਨੂੰ ਅਜਿਹੇ ਕਿਸੇ ਵਿਅਕਤੀ ਬਾਰੇ ਵੀ ਜਾਣਕਾਰੀ ਦੇਣੀ ਪਵੇਗੀ ਜੋ ਤੁਹਾਡੇ ਦੁਆਰਾ ਪਿਛਲੀ ਵਾਰੀ ਜਾਣਕਾਰੀ ਦੇਣ ਤੋਂ ਬਾਅਦ ਤੁਹਾਡੇ ਘਰ ਨੂੰ ਛੱਡ ਕੇ ਚਲਾ ਗਿਆ ਹੈ ਜਾਂ ਜਿਸਦੀ ਮੌਤ ਹੋ ਚੁੱਕੀ ਹੈ।

5. **ਸੰਗੀਨ ਜੁਰਮ ਤੋਂ ਫ਼ਰਾਰ ਮੁਜਰਮ ਅਤੇ ਪ੍ਰੋਬੇਸ਼ਨ/ਪੈਰੋਲ ਦੀ ਉਲੰਘਣਾ ਕਰਨ ਵਾਲੇ:** ਤੁਹਾਡੇ ਪਰਵਾਰ 'ਚ ਕਿਸੇ ਵੀ ਵਿਅਕਤੀ ਦਾ ਨਾਂ, ਜੋ ਕਿਸੇ ਸੰਗੀਨ ਜੁਰਮ ਜਾਂ ਸੰਗੀਨ ਜੁਰਮ ਕਰਨ ਦੀ ਕੋਸ਼ਸ਼ ਕਰਨ ਲਈ ਮੁਕੱਦਮੇ, ਹਿਰਾਸਤ 'ਚ ਲਏ ਜਾਣ, ਜਾਂ ਜੇਲ੍ਹ ਭੇਜੇ ਜਾਣ ਤੋਂ ਬਚਣ ਲਈ ਕਨੂੰਨ ਤੋਂ ਲੁੱਕ ਜਾਂ ਨੱਸ ਰਿਹਾ ਹੈ? ਤੁਹਾਡੇ ਪਰਵਾਰ 'ਚ ਕਿਸੇ ਵੀ ਵਿਅਕਤੀ ਦਾ ਨਾਂ ਜਿਸਨੂੰ ਕਿਸੇ ਅਦਾਲਤ ਦੁਆਰਾ ਪਰਤਾਵੇ ਜਾਂ ਪੈਰੋਲ ਦੀ ਉਲੰਘਣਾ ਲਈ ਕਸੂਰਵਾਰ ਠਹਿਰਾਇਆ ਗਿਆ ਹੈ।

6. **ਕੰਮ ਦੇ ਘਟਾਏ ਗਏ ਘੰਟੇ:** ਜੇਕਰ ਤੁਹਾਡੀ ਉਮਰ 19 ਅਤੇ 50 ਦੇ ਦਰਮਿਆਨ ਹੈ ਅਤੇ ਤੁਸੀਂ ਨਾਬਾਲਗ ਬੱਚਿਆਂ ਦੀ ਦੇਖਭਾਲ ਨਹੀਂ ਕਰ ਰਹੇ ਹੋ, ਤਾਂ ਤੁਹਾਨੂੰ ਆਪਣੇ ਕੰਮ ਦੇ ਘੰਟੇ ਹਫ਼ਤੇ 'ਚ 20 ਘੰਟਿਆਂ ਜਾਂ ਮਹੀਨੇ 'ਚ 80 ਘੰਟਿਆਂ ਤੋਂ ਘੱਟ ਹੋਣ 'ਤੇ ਜਾਣਕਾਰੀ ਦੇਣੀ ਪਵੇਗੀ। ਜੇਕਰ ਤੁਸੀਂ ਜਾਣਦੇ ਹੋ ਕਿ ਅਗਲੇ ਛੇ ਮਹੀਨਿਆਂ ਦੇ ਦੌਰਾਨ ਤੁਹਾਡੇ ਕੰਮ ਦੇ ਘੰਟੇ ਇਨ੍ਹਾਂ ਸੀਮਾਵਾਂ ਤੋਂ ਘੱਟ ਹੋ ਜਾਣਗੇ ਤਾਂ ਵੀ ਤੁਹਾਨੂੰ ਜਾਣਕਾਰੀ ਦੇਣੀ ਪਵੇਗੀ।

### Medi-Cal/34-County CMSP ਲਈ, ਤੁਹਾਨੂੰ ਓਦੋਂ ਰਿਪੋਰਟ ਦੇਣੀ ਚਾਹੀਦੀ ਹੈ ਜਦੋਂ:

1. ਨਰਸਿੰਗ ਹੋਮ ਜਾਂ ਲੰਬੇ ਸਮੇਂ ਤਕ ਦੇਖਭਾਲ ਸੁਵਿਧਾ 'ਚ ਕੋਈ ਵਿਅਕਤੀ ਦਾਖ਼ਲ ਹੁੰਦਾ ਹੈ ਜਾਂ ਉਸਨੂੰ ਛੁੱਟੀ ਹੁੰਦੀ ਹੈ।
2. ਕੋਈ ਵਿਅਕਤੀ ਅਸਮਰੱਥਾ ਫ਼ਾਇਦਿਆਂ, ਜਿਵੇਂ SSI/SSP, ਸਮਾਜਕ ਸੁਰੱਖਿਆ, ਤਜਰਬੇਕਾਰ, ਜਾਂ ਰੇਲਰੋਡ ਤੋਂ ਸੇਵਾਨਿਵਿਰਤੀ, ਲਈ ਅਰਜ਼ੀ ਦਿੰਦਾ ਹੈ।
3. ਕਿਸੇ ਹੋਰ ਵਿਅਕਤੀ ਦੇ ਕੰਮ ਜਾਂ ਕਾਰਵਾਈ ਕਰਨ 'ਚ ਨਾਕਾਮਯਾਬ ਰਹਿਣ ਕਰਕੇ ਕਿਸੇ ਹਾਦਸੇ ਜਾਂ ਸੱਟ ਦੇ ਨਤੀਜੇ ਵਜੋਂ ਕਿਸੇ ਵਿਅਕਤੀ ਨੂੰ ਸਿਹਤ ਦੇਖਭਾਲ ਸੇਵਾਵਾਂ ਮਿਲਦੀਆਂ ਹਨ।

## ਤੁਹਾਡੀਆਂ ਰਿਪੋਰਟਿੰਗ ਦੀਆਂ ਜ਼ਿੰਮੇਵਾਰੀਆਂ (ਜਾਰੀ)

**ਗੈਰ-ਸਹਾਇਤਾ CalFresh ਅਰਧ-ਵਾਰਸ਼ਿਕ ਰਿਪੋਰਟਿੰਗ**

ਜੇਕਰ ਤੁਹਾਨੂੰ ਸਿਰਫ਼ CalFresh ਫ਼ਾਇਦੇ ਮਿਲਦੇ ਹਨ ਤਾਂ ਤੁਹਾਨੂੰ ਓਦੋਂ ਰਿਪੋਰਟ ਦੇਣੀ ਚਾਹੀਦੀ ਹੈ ਜਦੋਂ:

1. ਕਿਸੇ ਵੀ ਸਮੇਂ ਤੁਹਾਡੇ ਪਰਵਾਰ ਦੀ ਕੁੱਲ ਮਹੀਨੇਵਾਰ ਆਮਦਨੀ ਤੁਹਾਡੇ ਪਰਵਾਰ ਦੇ ਆਕਾਰ ਲਈ Income Reporting Threshold (ਆਮਦਨੀ ਸੂਚਨਾ ਦਰ) (IRT) ਤੋਂ ਵੱਧ ਹੋਵੇ। ਤੁਹਾਡੀ IRT ਤੁਹਾਡੇ ਪਰਵਾਰ ਦੇ ਆਕਾਰ ਲਈ ਸੰਘੀ ਗਰੀਬੀ ਪੱਧਰ ਦਾ 130% ਹੈ। ਕਾਉਂਟੀ ਤੁਹਾਨੂੰ ਤੁਹਾਡੀ IRT ਦੱਸੇਗੀ।
2. ਕੋਈ ਵੀ ਵਿਅਕਤੀ ਜੋ Able Bodied Adult Without Dependents (ਆਸਰਤਾਂ ਤੋਂ ਬਿਨਾਂ ਸਮਰੱਥ ਬਾਲਗ) (ABAWD) CalFresh ਪ੍ਰਾਪਤਕਰਤਾ ਹੈ ਅਤੇ ਉਸਦੇ ਕੰਮ ਕਰਨ ਜਾਂ ਸਿਖਲਾਈ 'ਚ ਰਹਿਣ ਦੇ ਘੰਟੇ ਹਫ਼ਤੇ 'ਚ 20 ਘੰਟੇ ਜਾਂ ਮਹੀਨੇ 'ਚ 80 ਘੰਟੇ ਤੋਂ ਘੱਟ ਹੋ ਜਾਂਦੇ ਹਨ।

**CalWORKs ਲਈ ਤੁਹਾਨੂੰ ਦੂਜੇ ਸਮੇਂਆਂ 'ਤੇ ਕੁਝ ਬਦਲਾਵਾਂ ਦੀ ਜਾਣਕਾਰੀ ਦੇਣੀ ਚਾਹੀਦੀ ਹੈ:**

ਕੁਝ ਹਾਲਾਤ 'ਚ ਤੁਹਾਨੂੰ ਚੀਜ਼ਾਂ ਦੀ ਜਾਣਕਾਰੀ ਦੇਣ ਦੀ ਲੋੜ ਹੋਵੇਗੀ (ਬਦਲਾਵ ਦੇ ਦਸ ਦਿਨਾਂ ਦੇ ਅੰਦਰ) ਭਾਵੇਂ ਉਹ ਤੁਹਾਡਾ "ਰਿਪੋਰਟ ਭੇਜਣ ਦਾ ਮਹੀਨਾ" ਨਾ ਹੋਵੇ ਜਿਵੇਂ:

1. ਕਿਸੇ ਵੀ ਸਮੇਂ ਤੁਹਾਡੇ ਪਰਵਾਰ ਦੀ ਸੰਯੁਕਤ ਕੁੱਲ ਆਮਦਨੀ (ਕਮਾਈ ਗਈ ਅਤੇ ਕਮਾਈ ਨਹੀਂ ਗਈ ਦੋਵੇਂ) ਤੁਹਾਡੇ ਪਰਵਾਰ ਦੇ ਆਕਾਰ ਲਈ IRT ਤੋਂ ਵੱਧ ਹੋਵੇ। ਕਾਉਂਟੀ ਤੁਹਾਨੂੰ ਤੁਹਾਡੀ IRT ਦੱਸੇਗੀ। ਜੇਕਰ ਤੁਹਾਡੇ ਪਰਵਾਰ ਨੂੰ ਸਿਰਫ਼ ਕਮਾਈ ਨਹੀਂ ਗਈ ਆਮਦਨੀ ਮਿਲਦੀ ਹੈ, ਤਾਂ ਤੁਹਾਨੂੰ ਸਿਰਫ਼ ਆਪਣੀ ਅਰਧ-ਵਾਰਸ਼ਿਕ ਯੋਗਤਾ ਰਿਪੋਰਟ (SAR 7) ਅਤੇ ਆਪਣੇ ਸਾਲਾਨਾ RD/RC (SAWS 2 PLUS) 'ਚ ਆਮਦਨੀ ਦੀ ਜਾਣਕਾਰੀ ਦੇਣ ਦੀ ਲੋੜ ਹੋਵੇਗੀ।
2. ਕਿਸੇ ਵੀ ਸਮੇਂ ਜਦੋਂ ਤੁਹਾਡੇ ਪਰਿਵਾਰ ਦਾ ਕੋਈ ਵਿਅਕਤੀ ਸੰਗੀਨ ਜੁਰਮ ਦਾ ਫ਼ਰਾਰ ਮੁਜਰਮ ਬਣ ਜਾਂਦਾ ਹੈ ਜਾਂ ਉਸ ਨੂੰ ਕਿਸੇ ਅਦਾਲਤ ਦੁਆਰਾ ਪ੍ਰੋਬੇਸ਼ਨ ਜਾਂ ਪੈਰੋਲ ਦੀ ਉਲੰਘਣਾ ਲਈ ਕਸੂਰਵਾਰ ਪਾਇਆ ਜਾਂਦਾ ਹੈ।
3. ਕਿਸੇ ਵੀ ਸਮੇਂ ਜਦੋਂ ਤੁਸੀਂ ਥਾਂ ਬਦਲਦੇ ਹੋ ਤਾਂ ਤੁਹਾਨੂੰ ਆਪਣੇ ਪਤੇ 'ਚ ਬਦਲਾਵ ਦੀ ਜਾਣਕਾਰੀ ਦੇਣੀ ਪਵੇਗੀ ਤਾਂ ਜੋ ਕਾਉਂਟੀ ਨੂੰ ਪਤਾ ਹੋਵੇਗਾ ਕਿ ਤੁਹਾਡਾ SAR 7 ਅਤੇ ਦੂਜੇ ਨੋਟਿਸ ਕਿੱਥੇ ਭੇਜਣੇ ਹਨ।

**CalWORKs ਅਤੇ CalFresh ਅਰਧ-ਵਾਰਸ਼ਿਕ ਰਿਪੋਰਟਿੰਗ ਲਈ ਸਵੈਇੱਛਤ ਤੌਰ 'ਤੇ ਜਾਣਕਾਰੀ ਦੇਣਾ:**

ਤੁਸੀਂ ਸਵੈਇੱਛਤ ਤੌਰ 'ਤੇ ਹੋਰ ਜਾਣਕਾਰੀ ਵੀ ਦੇ ਸਕਦੇ ਹੋ ਭਾਵੇਂ ਉਹ ਤੁਹਾਡਾ "ਰਿਪੋਰਟ ਭੇਜਣ ਦਾ ਮਹੀਨਾ" ਨਾ ਹੋਵੇ। ਸਵੈਇੱਛਤ ਤੌਰ 'ਤੇ ਜਾਣਕਾਰੀ ਦੇਣ ਕਰਕੇ ਤੁਹਾਡੇ ਪਰਵਾਰ ਦੇ ਫ਼ਾਇਦੇ ਵੱਧ ਸਕਦੇ ਹਨ। ਜੇਕਰ ਦਿੱਤੀ ਗਈ ਜਾਣਕਾਰੀ ਕਰਕੇ ਤੁਹਾਡੇ ਫ਼ਾਇਦੇ ਵੱਧਦੇ ਹਨ, ਤਾਂ ਤੁਹਾਡੇ ਦੁਆਰਾ ਤਸਦੀਕ ਮੁਹੱਈਆ ਕਰਨ ਤੋਂ ਬਾਅਦ ਦਸ ਦਿਨਾਂ ਦੇ ਅੰਦਰ ਕਾਉਂਟੀ ਕਾਰਵਾਈ ਕਰੇਗੀ। ਇਕ ਅਪਵਾਦ ਹੈ ਜਦੋਂ ਤੁਹਾਡੇ ਕੇਸ 'ਚ ਇਕ ਹੋਰ ਵਿਅਕਤੀ ਨੂੰ ਜੋੜਨ ਕਰਕੇ ਵਾਧਾ ਹੁੰਦਾ ਹੈ। ਉਸ ਸਥਿਤੀ 'ਚ, ਕਾਉਂਟੀ ਤੁਹਾਡੇ ਦੁਆਰਾ ਤਸਦੀਕ ਮੁਹੱਈਆ ਕਰਨ ਦੇ ਅਗਲੇ ਮਹੀਨੇ ਦੀ ਪਹਿਲੀ ਤਾਰੀਖ਼ ਤੋਂ ਫ਼ਾਇਦਿਆਂ ਨੂੰ ਵਧਾਉਣ ਲਈ ਕਾਰਵਾਈ ਕਰੇਗੀ।

ਸਵੈਇੱਛਤ ਰਿਪੋਰਟਿੰਗ ਦੇ ਕੁਝ ਉਦਾਹਰਨਾਂ, ਜਿਨ੍ਹਾਂ ਕਰਕੇ ਤੁਹਾਡੇ ਫ਼ਾਇਦੇ ਵੱਧ ਸਕਦੇ ਹਨ, 'ਚ ਸ਼ਾਮਲ ਹਨ:

- ਤੁਹਾਡੀ ਆਮਦਨੀ ਬੰਦ ਹੋ ਜਾਂਦੀ ਹੈ ਜਾਂ ਘੱਟ ਜਾਂਦੀ ਹੈ।
- ਅਜਿਹਾ ਕੋਈ ਵਿਅਕਤੀ ਤੁਹਾਡੇ ਘਰ 'ਚ ਸ਼ਾਮਲ ਹੁੰਦਾ ਹੈ ਜਿਸਦੀ ਥੋੜ੍ਹੀ ਜਾਂ ਬਿਲਕੁਲ ਕੋਈ ਆਮਦਨੀ ਨਹੀਂ ਹੈ (ਨਵੇਂ ਜਣਮੇ ਬੱਚੇ ਸਮੇਤ)।
- ਆਮਦਨੀ ਵਾਲਾ ਕੋਈ ਵਿਅਕਤੀ ਤੁਹਾਡੇ ਘਰ ਨੂੰ ਛੱਡ ਕੇ ਚਲਾ ਜਾਂਦਾ ਹੈ।
- ਤੁਹਾਨੂੰ ਲੱਗਦਾ ਹੈ ਕਿ ਤੁਸੀਂ ਜਾਂ ਤੁਹਾਡੇ ਪਰਵਾਰ 'ਚ ਕੋਈ CalWORKs ਸਬੰਧੀ ਭੁਗਤਾਨ ਲਈ ਯੋਗ ਹੈ, ਜਿਵੇਂ ਗਰਭ ਅਵਸਥਾ ਸਬੰਧੀ ਖ਼ਾਸ ਜ਼ਰੂਰਤਾਂ ਜਾਂ ਇਕ ਯੋਗ ਖ਼ਾਸ ਖ਼ੁਰਾਕ।

**ਸਿਰਫ਼ CalFresh ਲਈ ਵਾਧੂ ਉਦਾਹਰਨ:**

- ਪਰਵਾਰ ਦਾ ਕੋਈ ਸਦੱਸ ਘਰ 'ਚ ਨਾ ਰਹਿਣ ਵਾਲੇ ਕਿਸੇ ਬੱਚੇ ਲਈ ਅਦਾਲਤੀ ਫ਼ੈਸਲੇ ਦੇ ਮੁਤਾਬਕ ਬਾਲ ਸਹਾਇਤਾ ਲਈ ਭੁਗਤਾਨ ਕਰਨਾ ਸ਼ੁਰੂ ਕਰ ਦਿੰਦਾ ਹੈ।
- ਪਰਵਾਰ ਦੇ ਕਿਸੇ ਸਦੱਸ ਦੀ ਉਮਰ 60 ਸਾਲ ਜਾਂ ਉਸਤੋਂ ਵੱਧ ਹੈ।
- ਕੋਈ ਸਦੱਸ ਜੋ ਅਸਮਰੱਥ ਹੈ ਜਾਂ ਜਿਸਦੀ ਉਮਰ 60 ਸਾਲ ਜਾਂ ਉਸਤੋਂ ਵੱਧ ਹੈ ਉਸਦੇ ਡਾਕਟਰੀ ਖ਼ਰਚੇਆਂ 'ਚ ਬਦਲਾਵ ਹੁੰਦੇ ਹਨ ਜਾਂ ਨਵੇਂ ਡਾਕਟਰੀ ਖ਼ਰਚੇ ਸ਼ੁਰੂ ਹੋ ਜਾਂਦੇ ਹਨ (ਜੇਕਰ ਇਹ ਪ੍ਰਮਾਣਿਤ ਹੁੰਦਾ ਹੈ ਤਾਂ ਤੁਹਾਡੇ CalFresh ਦੀ ਰਕਮ ਬਦਲੀ ਜਾ ਸਕਦੀ ਹੈ)।

ਕਿਸੇ ਵੀ ਸਮੇਂ ਤੁਸੀਂ ਕਾਉਂਟੀ ਤੋਂ ਤੁਹਾਡਾ ਪੂਰਾ ਕੇਸ ਬੰਦ ਕਰਨ ਜਾਂ ਅਜਿਹੇ ਕਿਸੇ ਵਿਅਕਤੀ ਨੂੰ ਕੱਢਣ ਦੀ ਮੰਗ ਕਰ ਸਕਦੇ ਹੋ ਜਿਸਨੇ ਘਰ ਛੱਡ ਦਿੱਤਾ ਹੈ ਜਾਂ ਜਿਸਦਾ ਸਹਾਇਤਾ ਯੂਨਿਟ 'ਚ ਮੌਜੂਦ ਰਹਿਣਾ ਜ਼ਰੂਰੀ ਨਹੀਂ ਹੈ। ਤੁਸੀਂ ਕਾਉਂਟੀ ਤੋਂ ਕੁਝ ਫ਼ਾਇਦੇ ਬੰਦ ਕਰਨ ਦੀ ਮੰਗ ਵੀ ਕਰ ਸਕਦੇ ਹੋ, ਜਿਵੇਂ Medi-Cal ਜਾਂ CalFresh  Medi-Cal/ਜਾਂ ਸਿਰਫ਼ CalFresh ਪ੍ਰਾਪਤ ਕਰਨ ਨੂੰ ਤੁਹਾਡੀਆਂ ਨਕਦ ਸਹਾਇਤਾ ਸਮੇਂ ਸੀਮਾਵਾਂ ਲਈ ਗਿਣਿਆ ਜਾਵੇਗਾ।

**ਸਿਰਫ਼ CalFresh ਵਾਲੇ ਪਰਵਾਰਾਂ ਲਈ ਵਾਧੂ ਉਦਾਹਰਨ**

ਜੇਕਰ ਤੁਸੀਂ ਸਿਰਫ਼ CalFresh ਫ਼ਾਇਦੇ ਪ੍ਰਾਪਤ ਕਰਦੇ ਹੋ ਅਤੇ ਤੁਸੀਂ ਸਵੈਇੱਛਤ ਤੌਰ 'ਤੇ ਜਾਣਕਾਰੀ ਦਿੰਦੇ ਹੋ ਕਿ ਤੁਹਾਡੇ ਘਰ 'ਚ ਕੋਈ ਵਿਅਕਤੀ ਸ਼ਾਮਲ ਹੋਇਆ ਹੈ ਜਾਂ ਉਸਨੂੰ ਛੱਡ ਕੇ ਚਲਾ ਗਿਆ ਹੈ, ਤਾਂ ਕਾਉਂਟੀ ਉਸ ਬਦਲਾਵ 'ਤੇ ਵੀ ਕਾਰਵਾਈ ਕਰੇਗੀ ਭਾਵੇਂ ਇਸਦੇ ਨਤੀਜੇ ਵਜੋਂ ਤੁਹਾਡੇ CalFresh ਫ਼ਾਇਦੇ ਘੱਟਦੇ ਹਨ।

**ਅਰਧ-ਵਾਰਸ਼ਿਕ ਰਿਪੋਰਟਿੰਗ ਲਈ ਹੋਰ ਬਦਲਾਵ:**

ਹੋਰ ਬਦਲਾਵ ਹਨ ਜਿਨ੍ਹਾਂ ਕਰਕੇ ਫ਼ਾਇਦੇ ਹੋਣ ਦੀ ਮਿਆਦ ਦੇ ਦੌਰਾਨ ਕਾਉਂਟੀ ਤੁਹਾਡੇ ਫ਼ਾਇਦੇ ਘਟਾ ਜਾਂ ਬੰਦ ਕਰ ਸਕਦੀ ਹੈ। ਇੱਥੇ ਕੁਝ ਉਦਾਹਰਨ ਦਿੱਤੇ ਗਏ ਹਨ:

- ਪਰਵਾਰ 'ਚ ਕੋਈ ਬਾਲਗ CalWORKs ਦੀ 48-ਮਹੀਨੇ ਦੀ ਸਮੇਂ ਸੀਮਾ 'ਤੇ ਪਹੁੰਚ ਜਾਂਦਾ ਹੈ;
- ਪਰਵਾਰ ਦੇ ਕਿਸੇ ਸਦੱਸ 'ਤੇ ਰੋਕ/ਜੁਰਮਾਨਾ ਲਗਾਇਆ ਗਿਆ ਹੈ;
- ਇਕ ਬੱਚਾ 18 ਸਾਲ ਦਾ ਹੋ ਜਾਂਦਾ ਹੈ (ਅਤੇ 19 ਸਾਲ ਦੀ ਉਮਰ ਤੋਂ ਪਹਿਲਾਂ ਹਾਈ ਸਕੂਲ ਤੋਂ ਗ੍ਰੈਜੂਏਟ ਨਹੀਂ ਹੋਵੇਗਾ);
- ਤੁਹਾਡੇ ਘਰ 'ਚ ਕਿਸੇ ਵਿਅਕਤੀ ਨੂੰ ਕਿਸੇ ਹੋਰ ਪਰਵਾਰ 'ਚ ਫ਼ਾਇਦੇ ਮਿਲਣੇ ਸ਼ੁਰੂ ਹੋ ਜਾਂਦੇ ਹਨ:
- ਕਿਸੇ ਯੋਗ ਬੱਚੇ ਨੂੰ ਗੋਦ ਲਿਆ ਜਾਂਦਾ ਹੈ;
- ਕੋਈ ਵੀ ਵਿਅਕਤੀ ਜੋ ABAWD CalFresh ਪ੍ਰਾਪਤਕਰਤਾ ਹੈ ਅਤੇ ਉਸਦੇ ਕੰਮ ਕਰਨ ਜਾਂ ਸਿਖਲਾਈ 'ਚ ਰਹਿਣ ਦੇ ਘੰਟੇ ਹਫ਼ਤੇ 'ਚ 20 ਘੰਟੇ ਜਾਂ ਮਹੀਨੇ 'ਚ 80 ਘੰਟੇ ਤੋਂ ਘੱਟ ਹੋ ਜਾਂਦੇ ਹਨ।

## ਤੁਹਾਡੀਆਂ ਰਿਪੋਰਟਿੰਗ ਦੀਆਂ ਜ਼ਿੰਮੇਵਾਰੀਆਂ (ਜਾਰੀ)

### CALFRESH ਬਦਲਾਵ ਦੀ ਜਾਣਕਾਰੀ

**CalFresh ਬਦਲਾਵ ਦੀ ਜਾਣਕਾਰੀ ਲਈ, ਤੁਹਾਨੂੰ ਓਦੋਂ ਰਿਪੋਰਟ ਦੇਣੀ ਚਾਹੀਦੀ ਹੈ ਜਦੋਂ:**

1. ਤੁਹਾਡੀ ਕੁੱਲ ਮਹੀਨੇਵਾਰ ਆਮਦਨੀ ਸ਼ੁਰੂ, ਬੰਦ ਹੁੰਦੀ ਹੈ, ਜਾਂ ਉਸ 'ਚ $50 ਤੋਂ ਜ਼ਿਆਦਾ ਬਦਲਾਵ ਹੁੰਦਾ ਹੈ।
2. ਕਿਸੇ ਦੀ ਆਮਦਨੀ ਦੇ ਸਰੋਤ 'ਚ ਕੋਈ ਬਦਲਾਵ ਹੁੰਦਾ ਹੈ।
3. ਤੁਹਾਡੇ ਘਰ 'ਚ ਕੋਈ ਸ਼ਾਮਲ ਹੁੰਦਾ ਹੈ ਜਾਂ ਉਸਨੂੰ ਛੱਡ ਕੇ ਚਲਾ ਜਾਂਦਾ ਹੈ।
4. ਤੁਹਾਡੇ ਪਰਵਾਰ 'ਚ ਕੋਈ ਸ਼ਾਮਲ ਹੁੰਦਾ ਹੈ ਜਾਂ ਉਸਨੂੰ ਛੱਡ ਕੇ ਚਲਾ ਜਾਂਦਾ ਹੈ।
5. ਤੁਸੀਂ ਥਾਂ ਬਦਲਦੇ ਹੋ ਜਾਂ ਤੁਹਾਨੂੰ ਇਕ ਨਵਾਂ ਪਤਾ ਮਿਲਦਾ ਹੈ।
6. ਤੁਹਾਡਾ ਕਿਰਾਇਆ ਅਤੇ ਮਦਦਗਾਰ ਸੇਵਾਵਾਂ ਦੇ ਖ਼ਰਚੇ **ਸਿਰਫ਼** ਜੇਕਰ ਤੁਸੀਂ ਥਾਂ ਬਦਲਦੇ ਹੋ।
7. ਜੇਕਰ ਪਰਵਾਰ ਦੇ ਕਿਸੇ ਸਦੱਸ ਦੁਆਰਾ ਘਰ 'ਚ ਨਾ ਰਹਿਣ ਵਾਲੇ ਕਿਸੇ ਬੱਚੇ ਲਈ ਅਦਾਲਤੀ ਫ਼ੈਸਲੇ ਦੇ ਮੁਤਾਬਕ ਬਾਲ ਸਹਾਇਤਾ ਲਈ ਕੀਤੇ ਜਾਣ ਵਾਲੇ ਭੁਗਤਾਨ ਦੀ ਰਕਮ 'ਚ ਕੋਈ ਬਦਲਾਵ ਹੁੰਦਾ ਹੈ।
8. ਕੋਈ ਵੀ ਵਿਅਕਤੀ ਜੋ ABAWD CalFresh ਪ੍ਰਾਪਤਕਰਤਾ ਹੈ ਅਤੇ ਉਸਦੇ ਕੰਮ ਕਰਨ ਜਾਂ ਸਿਖਲਾਈ 'ਚ ਰਹਿਣ ਦੇ ਘੰਟੇ ਹਫ਼ਤੇ 'ਚ 20 ਘੰਟੇ ਜਾਂ ਮਹੀਨੇ 'ਚ 80 ਘੰਟੇ ਤੋਂ ਘੱਟ ਹੋ ਜਾਂਦੇ ਹਨ।
9. ਤੁਹਾਡੇ ਪਰਵਾਰ ਦਾ ਕੋਈ ਸਦੱਸ ਕਿਸੇ ਸੰਗੀਨ ਜੁਰਮ ਲਈ ਮੁਕੱਦਮੇ, ਜੁਰਮ ਸਾਬਿਤ ਹੋਣ ਤੋਂ ਬਾਅਦ ਹਿਰਾਸਤ ਜਾਂ ਕੈਦ ਤੋਂ ਬਚਣ ਲਈ ਕਨੂੰਨ ਤੋਂ ਲੁੱਕ ਜਾਂ ਨੱਸ ਰਿਹਾ ਹੈ, ਜਾਂ ਕਿਸੇ ਅਦਾਲਤ ਦੁਆਰਾ ਉਸਨੂੰ ਪਰਤਾਵੇ ਜਾਂ ਪੈਰੋਲ ਦੀ ਉਲੰਘਣਾ ਲਈ ਕਸੂਰਵਾਰ ਠਹਿਰਾਇਆ ਗਿਆ ਹੈ।

**CalFresh ਬਦਲਾਵ ਦੀ ਜਾਣਕਾਰੀ ਦੇਣ ਲਈ, ਤੁਸੀਂ ਓਦੋਂ ਰਿਪੋਰਟ ਦੇ ਸਕਦੇ ਹੋ ਜਦੋਂ:**

1. ਕਿਸੇ ਦੀ ਸਰੀਰਕ ਜਾਂ ਮਾਨਸਿਕ ਬਿਮਾਰੀ ਸ਼ੁਰੂ ਜਾਂ ਖ਼ਤਮ ਹੁੰਦੀ ਹੈ।
2. ਕਿਸੇ ਦੀ ਨਾਗਰਕਤਾ/ਆਵਾਸ ਦੇ ਦਰਜੇ 'ਚ ਬਦਲਾਵ ਹੁੰਦਾ ਹੈ ਜਾਂ ਕਿਸੇ ਨੂੰ USCIS ਤੋਂ ਪੱਤਰ, ਫ਼ਾਰਮ ਜਾਂ ਨਵਾਂ ਕਾਰਡ ਮਿਲਦਾ ਹੈ।
3. ਤੁਹਾਡੇ ਆਸਰਤ ਦੇਖਭਾਲ ਸਬੰਧੀ ਖ਼ਰਚੇਆਂ 'ਚ ਬਦਲਾਵ ਹੁੰਦੇ ਹਨ।
4. ਕੋਈ ਸਦੱਸ ਜੋ ਅਸਮਰੱਥ ਹੈ ਜਾਂ ਜਿਸਦੀ ਉਮਰ 60 ਸਾਲ ਜਾਂ ਉਸਤੋਂ ਵੱਧ ਹੈ ਉਸਦੇ ਡਾਕਟਰੀ ਖ਼ਰਚੇਆਂ 'ਚ ਬਦਲਾਵ ਹੁੰਦੇ ਹਨ ਜਾਂ ਨਵੇਂ ਡਾਕਟਰੀ ਖ਼ਰਚੇ ਸ਼ੁਰੂ ਹੋ ਜਾਂਦੇ ਹਨ। ਜੇਕਰ ਇਹ ਪ੍ਰਮਾਣਿਤ ਹੁੰਦਾ ਹੈ, ਤਾਂ ਤੁਹਾਡੇ ਭੁਗਤਾਨ ਦੀ ਰਕਮ ਬਦਲੀ ਜਾ ਸਕਦੀ ਹੈ।
5. ਪਰਵਾਰ ਦਾ ਕੋਈ ਸਦੱਸ ਘਰ 'ਚ ਨਾ ਰਹਿਣ ਵਾਲੇ ਕਿਸੇ ਬੱਚੇ ਲਈ ਅਦਾਲਤੀ ਫ਼ੈਸਲੇ ਦੇ ਮੁਤਾਬਕ ਬਾਲ ਸਹਾਇਤਾ ਲਈ ਭੁਗਤਾਨ ਕਰਨਾ ਸ਼ੁਰੂ ਕਰ ਦਿੰਦਾ ਹੈ।

### ਕੁਝ ਸਿਰਫ਼-ਬੱਚਾ ਕੇਸਾਂ ਲਈ CalWORKs ਸਾਲਾਨਾ ਰਿਪੋਰਟਿੰਗ (AR/CO)

ਜ਼ਿਆਦਾਤਰ CalWORKs ਕੇਸ, ਜਿਨ੍ਹਾਂ 'ਚ ਸਿਰਫ਼ ਬੱਚੇ ਨਕਦ ਸਹਾਇਤਾ ਪ੍ਰਾਪਤ ਕਰਦੇ ਹਨ, ਉਨ੍ਹਾਂਨੂੰ ਸਿਰਫ਼ ਹਰ ਸਾਲ ਇਕ ਵਾਰ ਰਿਪੋਰਟ ਦੇਣੀ ਪਵੇਗੀ, ਅਜਿਹੇ ਕੁਝ ਲਾਜ਼ਮੀ ਬਦਲਾਵਾਂ ਨੂੰ ਛੱਡ ਕੇ ਜਿਨ੍ਹਾਂ ਦੇ ਹੋਣ ਤੋਂ ਬਾਅਦ 10 ਦਿਨਾਂ ਦੇ ਅੰਦਰ ਉਨ੍ਹਾਂ ਦੀ ਜਾਣਕਾਰੀ ਦੇਣੀ ਪਵੇਗੀ। ਇਨ੍ਹਾਂ ਕੇਸਾਂ ਨੂੰ ਸਾਲਾਨਾ ਰਿਪੋਰਟਿੰਗ/ਸਿਰਫ਼-ਬੱਚਾ (AR/CO) ਕੇਸ ਕਿਹਾ ਜਾਂਦਾ ਹੈ। ਕਾਉਂਟੀ ਤੁਹਾਨੂੰ ਦੱਸੇਗੀ ਕਿ ਤੁਹਾਡਾ ਇਕ AR/CO ਕੇਸ ਹੈ ਜਾਂ ਨਹੀਂ।

AR/CO ਕੇਸਾਂ ਨੂੰ, ਹੇਠ ਦਿੱਤੇ ਗਏ ਅਪਵਾਦਾਂ ਨਾਲ, ਸਿਰਫ਼ ਉਨ੍ਹਾਂ ਦੀ ਸਾਲਾਨਾ RD 'ਚ ਬਦਲਾਵਾਂ ਦੀ ਜਾਣਕਾਰੀ ਦੇਣੀ ਪਵੇਗੀ:

- ਕਿਸੇ ਵੀ ਸਮੇਂ ਤੁਹਾਡੇ ਪਰਵਾਰ ਦੀ ਸੰਯੁਕਤ ਕੁੱਲ ਆਮਦਨੀ, ਕਮਾਈ ਗਈ ਅਤੇ ਕਮਾਈ ਨਹੀਂ ਗਈ ਦੋਵੇਂ, ਤੁਹਾਡੇ ਪਰਵਾਰ ਦੇ ਆਕਾਰ ਲਈ IRT ਤੋਂ ਵੱਧ ਹੋਵੇ। ਕਾਉਂਟੀ ਤੁਹਾਨੂੰ ਲਿਖਤੀ ਤੌਰ 'ਤੇ ਦੱਸੇਗੀ ਕਿ ਤੁਹਾਡੀ IRT ਕੀ ਹੈ।
- ਤੁਹਾਡੇ ਘਰ 'ਚ ਕੋਈ ਸ਼ਾਮਲ ਹੁੰਦਾ ਹੈ ਜਾਂ ਉਸਨੂੰ ਛੱਡ ਕੇ ਚਲਾ ਜਾਂਦਾ ਹੈ। ਇਸ 'ਚ ਨਵੇਂ ਜਣਮੇ ਬੱਚੇ ਅਤੇ ਗੋਦ ਲਏ ਗਏ ਬੱਚੇ ਸ਼ਾਮਲ ਹਨ।
- ਕਿਸੇ ਵੀ ਸਮੇਂ ਜਦੋਂ ਤੁਹਾਡੇ ਪਤੇ 'ਚ ਬਦਲਾਵ ਹੁੰਦਾ ਹੈ।
- ਕਿਸੇ ਵੀ ਸਮੇਂ ਜਦੋਂ ਤੁਹਾਡੇ ਪਰਵਾਰ 'ਚ ਕੋਈ ਅਜਿਹਾ ਵਿਅਕਤੀ ਸ਼ਾਮਲ ਹੁੰਦਾ ਹੈ ਜਾਂ ਮੌਜੂਦ ਹੈ ਜੋ ਸੰਗੀਨ ਜੁਰਮ ਦਾ ਫ਼ਰਾਰ ਮੁਜਰਮ ਬਣ ਜਾਂਦਾ ਹੈ ਜਾਂ ਉਸ ਨੂੰ ਕਿਸੇ ਅਦਾਲਤ ਦੁਆਰਾ ਪ੍ਰੋਬੇਸ਼ਨ ਜਾਂ ਪੈਰੋਲ ਦੀ ਉਲੰਘਣਾ ਲਈ ਕਸੂਰਵਾਰ ਪਾਇਆ ਜਾਂਦਾ ਹੈ ਅਤੇ ਪਹਿਲਾਂ ਇਸਦੀ ਜਾਣਕਾਰੀ ਨਹੀਂ ਦਿੱਤੀ ਗਈ ਸੀ।

### CalWORKs AR/CO ਕੇਸ ਜੋ CalFresh ਪ੍ਰਾਪਤ ਕਰਦੇ ਹਨ

CalFresh ਪਰਵਾਰ ਜੋ ਕਿਸੇ CalWORKs AR/CO ਕੇਸ ਦਾ ਹਿੱਸਾ ਹਨ ਉਹ ਅਰਧ-ਵਾਰਸ਼ਿਕ ਤੌਰ 'ਤੇ ਰਿਪੋਰਟ ਦੇਣਗੇ। ਅਰਧ-ਵਾਰਸ਼ਿਕ ਰਿਪੋਰਟਿੰਗ ਸਬੰਧੀ ਜ਼ਿੰਮੇਵਾਰੀਆਂ ਲਈ ਇਸ ਨੋਟਿਸ ਦੇ ਪੰਨੇ 3 ਅਤੇ 4 ਵੇਖੋ।

### CalWORKs AR/CO ਕੇਸਾਂ ਅਤੇ ਬਦਲਾਵ ਦੀ ਜਾਣਕਾਰੀ ਦੇਣ ਵਾਲੇ CalFresh ਪਰਵਾਰਾਂ ਲਈ ਸਵੈਇੱਛਤ ਰਿਪੋਰਟਿੰਗ ਜਾਣਕਾਰੀ

ਤੁਸੀਂ ਸਵੈਇੱਛਤ ਤੌਰ 'ਤੇ ਕੁਝ ਬਦਲਾਵਾਂ ਦੀ ਜਾਣਕਾਰੀ ਵੀ ਦੇ ਸਕਦੇ ਹੋ। ਕੁਝ ਬਦਲਾਵਾਂ ਦੀ ਜਾਣਕਾਰੀ ਦੇਣਾ ਤੁਹਾਡੀ ਨਕਦ ਸਹਾਇਤਾ ਨੂੰ ਵਧਾਉਣ 'ਚ ਮਦਦ ਕਰ ਸਕਦਾ ਹੈ। ਸਵੈਇੱਛਤ ਰਿਪੋਰਟਿੰਗ ਬਾਰੇ ਵਧੇਰੀ ਜਾਣਕਾਰੀ ਲਈ ਇਸ ਨੋਟਿਸ ਦਾ ਪੰਨਾ 4 ਵੇਖੋ।

## ਤੁਹਾਡੀਆਂ ਰਿਪੋਰਟਿੰਗ ਦੀਆਂ ਜ਼ਿੰਮੇਵਾਰੀਆਂ (ਜਾਰੀ)

### ਮਹੱਤਵਪੂਰਨ ਜਾਣਕਾਰੀ ਸਿਰਫ਼ ਨਕਦ ਸਹਾਇਤਾ

**ਬੇਰੋਜ਼ਗਾਰ ਮਾਤਾ/ਪਿਤਾ**

ਜੇਕਰ ਤੁਸੀਂ ਇਕ ਬੇਰੋਜ਼ਗਾਰ ਮਾਤਾ/ਪਿਤਾ ਦੇ ਤੌਰ 'ਤੇ ਨਕਦ ਸਹਾਇਤਾ ਲਈ ਅਰਜ਼ੀ ਦੇ ਰਹੇ ਹੋ, ਤਾਂ ਮੁੱਖ ਕਮਾਊ (PE):

- ਬੇਰੋਜ਼ਗਾਰ ਹੋਣਾ ਚਾਹੀਦਾ ਹੈ ਅਤੇ ਪਿਛਲੇ 4 ਹਫ਼ਤਿਆਂ 'ਚ ਕੰਮ ਨਹੀਂ ਕੀਤਾ ਹੋਣਾ ਚਾਹੀਦਾ
- ਅਜਿਹੇ ਕਿਸੇ ਬੇਰੋਜ਼ਗਾਰੀ ਬੀਮੇ ਲਈ ਅਰਜ਼ੀ ਦੇਣੀ ਪਵੇਗੀ ਜਿਸ ਲਈ ਤੁਸੀਂ ਯੋਗ ਹੋ ਅਤੇ ਉਹ ਸਵੀਕਾਰ ਕਰਨਾ ਪਵੇਗਾ

PE ਉਹ ਮਾਤਾ/ਪਿਤਾ ਹੈ ਪਿਛਲੇ 24 ਮਹੀਨਿਆਂ 'ਚ ਜਿਸਦੀ ਸਭ ਤੋਂ ਜ਼ਿਆਦਾ ਰਹੀ ਹੈ

### ਬੇਘਰਾਂ ਲਈ ਸਹਾਇਤਾ

ਤੁਸੀਂ ਅਸਥਾਈ ਟਿਕਾਣੇ, ਸਥਾਈ ਰਿਹਾਇਸ਼ ਜਾਂ ਬੇਦਖਲੀ ਤੋਂ ਬਚਣ ਲਈ ਭੁਗਤਾਨ ਕਰਨ 'ਚ ਮਦਦ ਕਰਨ ਲਈ ਰਕਮ ਲਈ ਯੋਗ ਹੋ ਸਕਦੇ ਹੋ। ਜਦੋਂ ਤਕ ਤੁਹਾਨੂੰ ਛੋਟ ਪ੍ਰਾਪਤ ਨਹੀਂ ਹੁੰਦੀ ਇਹ ਜ਼ਿੰਦਗੀ 'ਚ ਇਕ ਵਾਰ ਕੀਤਾ ਜਾਣ ਵਾਲਾ ਭੁਗਤਾਨ ਹੈ। ਜੇਕਰ ਤੁਸੀਂ ਪਹਿਲਾਂ ਹੀ ਬੇਘਰਾਂ ਲਈ ਸਹਾਇਤਾ ਪ੍ਰਾਪਤ ਕਰ ਚੁੱਕੇ ਹੋ ਅਤੇ ਤੁਹਾਨੂੰ ਉਹ ਫੇਰ ਚਾਹੀਦੀ ਹੈ, ਤਾਂ ਤੁਹਾਡਾ ਮੁਲਾਜ਼ਮ ਤੁਹਾਨੂੰ ਦੱਸੇਗਾ ਕਿ ਤੁਸੀਂ ਯੋਗ ਹੋ ਜਾਂ ਨਹੀਂ।

### ਟੀਕਾਕਰਨ

ਕਾਉਂਟੀ ਦੁਆਰਾ ਬੇਨਤੀ ਕਰਨ 'ਤੇ ਤੁਹਾਨੂੰ ਇਹ ਸਬੂਤ ਦੇਣਾ ਪਵੇਗਾ ਕਿ:

- 6 ਸਾਲ ਤੋਂ ਘੱਟ ਉਮਰ ਦੇ ਬੱਚੇਆਂ ਨੂੰ ਉਮਰ ਦੇ ਮੁਤਾਬਕ ਟੀਕੇ ਲਗਾਏ ਗਏ ਹਨ। (MPP ਖੰਡ 40-105.4; 40-105.5)।

### Maximum Aid Payment (ਅਧਿਕਤਮ ਸਹਾਇਤਾ ਭੁਗਤਾਨ) (MAP)

MAP ਦੇ ਦੋ ਪੱਧਰ ਹਨ। ਨਕਦ ਸਹਾਇਤਾ ਪ੍ਰਾਪਤ ਕਰਨ ਵਾਲੇ ਜ਼ਿਆਦਾਤਰ ਪਰਵਾਰਾਂ ਨੂੰ ਘੱਟ MAP ਪੱਧਰ ਮਿਲਦਾ ਹੈ। ਪਰਵਾਰਾਂ ਨੂੰ MAP ਦਾ ਵਾਧੂ ਪੱਧਰ ਮਿਲਦਾ ਹੈ ਜੇਕਰ Assistance Unit (ਸਹਾਇਤਾ ਯੂਨਿਟ) (AU) 'ਚ ਮਾਤਾ/ਪਿਤਾ ਜਾਂ ਨਿਗਰਾਨ:

- ਅਸਮਰੱਥ ਹੈ ਅਤੇ ਪੂਰਕ ਸੁਰੱਖਿਆ ਆਮਦਨੀ/ਸਟੇਟ ਪੂਰਕ ਭੁਗਤਾਨ (SSI/SSP), ਜਾਂ IHSS, ਜਾਂ ਸਟੇਟ ਅਸਮਰੱਥਾ ਮੁਆਵਜ਼ਾ (SDI), ਜਾਂ ਅਸਥਾਈ ਮੁਲਾਜ਼ਮਾਂ ਲਈ ਮੁਆਵਜ਼ਾ (TWC), ਜਾਂ ਅਸਥਾਈ ਅਸਮਰੱਥਾ ਮੁਆਵਜ਼ਾ (TDI) ਸਬੰਧੀ ਫ਼ਾਇਦੇ ਪ੍ਰਾਪਤ ਕਰ ਰਿਹਾ ਹੈ
- ਕਿਸੇ ਸਹਾਇਤਾ ਪ੍ਰਾਪਤ ਬੱਚੇ(ਆਂ) ਦੀ ਦੇਖਭਾਲ ਕਰ ਰਿਹਾ ਹੈ ਜੋ ਉਸਦਾ ਬੱਚਾ ਨਹੀਂ ਹੈ ਅਤੇ ਨਿਗਰਾਨ ਨੂੰ ਨਕਦ ਸਹਾਇਤਾ ਨਹੀਂ ਮਿਲਦੀ।

ਇਹ ਵੀ ਵਾਧੂ MAP ਲਈ ਯੋਗ ਹਨ:

- ਇਕ ਪਰਵਾਰ ਜਿਸਨੂੰ RCA ਮਿਲਦੀ ਹੈ ਜੇਕਰ ਹਰ ਬਾਲਗ ਇਕ ਅਪਵਾਦ ਨੂੰ ਪੂਰਾ ਕਰਦਾ ਹੈ।

### ਅਧਿਕਤਮ ਪਰਵਾਰਕ ਅਨੁਦਾਨ (MFG) ਨਿਯਮ

31 ਅਗਸਤ, 1997 ਤੋਂ ਬਾਅਦ ਪੈਦਾ ਹੋਏ ਕਿਸੇ ਵੀ ਬੱਚੇ 'ਤੇ MFG ਨਿਯਮ ਲਾਗੂ ਹੁੰਦਾ ਹੈ। MFG ਨਿਯਮ ਦੇ ਮੁਤਾਬਕ ਤੁਹਾਡੇ ਪਰਵਾਰ 'ਚ ਜਣਮੇ ਕਿਸੇ ਬੱਚੇ ਨੂੰ ਸ਼ਾਮਲ ਕਰਨ ਲਈ ਤੁਹਾਡਾ ਨਕਦ ਸਹਾਇਤਾ ਅਨੁਦਾਨ ਨਹੀਂ ਵੱਧੇਗਾ, ਜੇਕਰ ਤੁਹਾਡੇ ਪਰਵਾਰ ਨੂੰ ਬੱਚੇ ਦੇ ਜਨਮ ਤੋਂ ਪਹਿਲਾਂ ਲਗਾਤਾਰ 10 ਮਹੀਨਿਆਂ ਤਕ ਨਕਦ ਸਹਾਇਤਾ ਮਿਲੀ ਸੀ। ਅਜਿਹੀਆਂ ਸਥਿਤੀਆਂ ਹਨ ਜਿਨ੍ਹਾਂ 'ਚ ਇਹ ਨਿਯਮ ਲਾਗੂ ਨਹੀਂ ਹੁੰਦਾ। ਤੁਹਾਡਾ ਮੁਲਾਜ਼ਮ ਤੁਹਾਨੂੰ MFG ਨਿਯਮਾਂ ਦੀ ਕਾਪੀ ਮੁਹੱਈਆ ਕਰੇਗਾ ਅਤੇ ਤੁਹਾਡੇ ਸਵਾਲਾਂ ਦੇ ਜਵਾਬ ਦੇਵੇਗਾ। ਫੇਰ ਤੁਹਾਨੂੰ ਇਕ ਕਾਪੀ 'ਤੇ ਦਸਤਖ਼ਤ ਕਰਨੇ ਪੈਣਗੇ ਜਿਸ 'ਚ ਇਹ ਲਿੱਖਿਆ ਹੋਵੇਗਾ ਕਿ ਤੁਹਾਨੂੰ ਨਿਯਮਾਂ ਦੀ ਸਮਝ ਹੈ।

### ਤੱਥਾਂ ਦਾ ਸਬੂਤ

ਜੇਕਰ ਤਸੀਂ ਨਕਦ ਸਹਾਇਤਾ ਬੰਦ ਹੋਣ ਤੋਂ ਬਾਅਦ ਇਕ ਸਾਲ ਦੇ ਅੰਦਰ ਉਸਦੀ ਮੰਗ ਕਰਦੇ ਹੋ, ਤਾਂ ਕਾਉਂਟੀ ਨੂੰ ਇਹ ਵੇਖਣ ਲਈ ਤੁਹਾਡਾ ਪਿਛਲਾ ਕੇਸ ਵੇਖਣਾ ਪਵੇਗਾ ਕਿ ਕੀ ਉਸ 'ਚ ਤੁਹਾਡੀ ਯੋਗਤਾ ਨਿਰਧਾਰਤ ਕਰਨ ਦਾ ਸਬੂਤ ਪਹਿਲਾਂ ਤੋਂ ਮੌਜੂਦ ਹੈ ਜਦੋਂ:

- ਤੁਹਾਨੂੰ ਸਬੂਤ ਨਹੀਂ ਮਿਲ ਸਕਦਾ, ਜਾਂ
- ਸਬੂਤ ਪ੍ਰਾਪਤ ਕਰਨ ਲਈ ਤੁਹਾਨੂੰ ਖ਼ਰਚਾ ਕਰਨਾ ਪਵੇਗਾ, ਜਾਂ
- ਤੁਹਾਡੀ ਅਰਜ਼ੀ 'ਤੇ ਕਾਰਵਾਈ ਕਰਨ 'ਚ ਦੇਰ ਹੋਵੇਗੀ ਕਿਉਂਕਿ ਤੁਹਾਨੂੰ ਮਿਲਣ 'ਚ ਬਹੁਤ ਸਮਾਂ ਲੱਗੇਗਾ।


ਜੇਕਰ ਤਸੀਂ ਨਕਦ ਸਹਾਇਤਾ ਬੰਦ ਹੋਣ ਤੋਂ ਬਾਅਦ <u>ਇਕ ਸਾਲ ਦੇ ਅੰਦਰ</u> ਉਸਦੀ ਮੰਗ ਕਰਦੇ ਹੋ <u>ਅਤੇ</u>, ਜੇਕਰ ਕਾਉਂਟੀ ਕੋਲ ਲੋੜੀਂਦਾ <u>ਸਬੂਤ ਨਹੀਂ ਹੈ</u>, ਤਾਂ ਤੁਹਾਨੂੰ ਸਬੂਤ ਮੁਹੱਈਆ ਕਰਨਾ ਪਵੇਗਾ।

ਜੇਕਰ ਤੁਹਾਡੇ ਕੋਲ ਪਿਛਲੀ ਵਾਰੀ ਨਕਦ ਸਹਾਇਤਾ ਮਿਲਣ ਤੋਂ ਬਾਅਦ ਨਵੇਂ ਬਦਲਾਵ ਹਨ, ਤਾਂ ਕਾਉਂਟੀ ਨੂੰ ਨਵੇਂ ਸਬੂਤ ਦੀ ਲੋੜ ਹੋਵੇਗੀ।

### ਸਕੂਲ ਵਿੱਚ ਹਾਜ਼ਰੀ

ਸਹਾਇਤਾ ਪ੍ਰਾਪਤ ਕਰ ਰਹੇ ਛੇ ਅਤੇ 18 ਸਾਲ ਦੇ ਵਿਚਕਾਰ ਦੀ ਉਮਰ ਦੇ ਸਾਰੇ ਬੱਚਿਆਂ ਲਈ ਸਕੂਲ ਜਾਣਾ ਲਾਜ਼ਮੀ ਹੈ।

ਜੇ ਤੁਹਾਡੇ ਬੱਚੇ ਦੀ ਉਮਰ 16 ਅਤੇ 18 ਸਾਲ ਦੇ ਵਿਚਕਾਰ ਹੈ ਅਤੇ ਉਹ ਨਿਯਮਿਤ ਰੂਪ ਵਿੱਚ ਸਕੂਲ ਨਹੀਂ ਜਾ ਰਿਹਾ ਹੈ, ਜਾਂ ਜੇ ਉਸ ਕੋਲ ਸਹੀ ਕਾਰਨ ਨਹੀ ਹੈ, ਤਾਂ ਜਦੋਂ ਤਕ ਉਹ ਸਕੂਲ ਜਾਣਾ ਸ਼ੁਰੂ ਨਹੀਂ ਕਰਦਾ/ਕਰਦੀ ਹੈ ਜਾਂ ਛੂਟ ਨੂੰ ਪੂਰਾ ਨਹੀਂ ਕਰਦਾ ਹੈ ਤੁਹਾਡੀ ਗ੍ਰਾਂਟ ਘਟਾਈ ਜਾ ਸਕਦੀ ਹੈ।




ਇੱਥੇ ਦੱਸਿਆ ਗਿਆ ਹੈ ਕਿ **Work Pays** (ਕੰਮ ਕਿੰਝ ਭੁਗਤਾਨ ਕਰਦਾ ਹੈ):

- ਤੁਹਾਡੇ ਪਰਵਾਰ ਨੂੰ ਸਹਾਰਾ ਦੇਣ ‘ਚ ਤੁਹਾਡੀ ਮਦਦ ਕਰਨ ਲਈ ਤੁਹਾਨੂੰ ਜ਼ਿਆਦਾ $$$$ ਦਿੰਦਾ ਹੈ
- ਤੁਹਾਡੇ ਅਤੇ ਤੁਹਾਡੇ ਪਰਵਾਰ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਂਦਾ ਹੈ
- ਕੰਮ-ਸਬੰਧੀ ਮੁਹਾਰਤਾਂ ਵਿਕਸਿਤ ਕਰਦਾ ਹੈ
- ਆਤਮ-ਸਨਮਾਨ ਵਿਕਸਿਤ ਕਰਦਾ ਹੈ
- ਤੁਹਾਨੂੰ ਵਿਅਕਤਕ ਤੌਰ ‘ਤੇ ਤਸੱਲੀ ਦਿੰਦਾ ਹੈ

## ਤੁਸੀਂ ਕੰਮ ਕਰ ਸਕਦੇ ਹੋ ਅਤੇ ਫੇਰ ਵੀ ਨਕਦ ਸਹਾਇਤਾ ਪ੍ਰਾਪਤ ਕਰ ਸਕਦੇ ਹੋ:

✔ ਜ਼ਿਆਦਾਤਰ ਕੇਸਾਂ ‘ਚ, ਜਦੋਂ ਤੁਸੀਂ ਕੰਮ ਕਰਦੇ ਹੋ, ਤਾਂ ਤੁਹਾਡੀ ਕੁੱਲ ਕਮਾਈ (ਕਟੌਤੀਆਂ ਤੋਂ ਪਹਿਲਾਂ ਕਮਾਈ) ਤੁਹਾਡੇ ਨਕਦ ਸਹਾਇਤਾ ਭੁਗਤਾਨ ‘ਚੋਂ ਡਾਲਰ ਦੇ ਮੁਤਾਬਕ ਨਹੀਂ ਘਟਾਈ ਜਾਂਦੀ। ਤੁਸੀਂ **ਕੰਮ ਸਬੰਧੀ ਕਟੌਤੀਆਂ** ਲਈ ਯੋਗ ਹੋ ਸਕਦੇ ਹੋ। ਜਦੋਂ ਤੁਸੀਂ ਉਸਨੂੰ ਜੋੜਦੇ ਹੋ, ਤਾਂ ਤੁਹਾਨੂੰ ਆਪਣੇ ਪਰਵਾਰ ਲਈ ਜ਼ਿਆਦਾ $$$$ ਮਿਲਦੇ ਹਨ।

✔ ਜਦੋਂ ਤੁਹਾਡੇ ਕੋਲ ਇਕ **ਅਨੁਦਾਨ-ਅਧਾਰਤ ਕੰਮ ਦੀ ਥਾਂ ‘ਤੇ ਸਿਖਲਾਈ (OJT)** ਅਸਾਇਨਮੈਂਟ ਹੁੰਦਾ ਹੈ, ਤਾਂ ਤੁਹਾਡੇ ਮਿਹਨਤਾਨੇ ਅਦਾ ਕਰਨ ਲਈ ਤੁਹਾਡੇ ਮਾਲਕ ਦੁਆਰਾ ਤੁਹਾਡਾ ਸੰਪੂਰਨ ਨਕਦ ਸਹਾਇਤਾ ਭੁਗਤਾਨ ਜਾਂ ਉਸਦਾ ਕੁਝ ਹਿੱਸਾ ਇਸਤੇਮਾਲ ਕੀਤਾ ਜਾਂਦਾ ਹੈ। ਤੁਹਾਨੂੰ ਅਨੁਦਾਨ ਅਧਾਰਤ OJT ਮਿਹਨਤਾਨੇਆਂ ਲਈ ਕੰਮ ਸਬੰਧੀ ਕਟੌਤੀਆਂ ਨਹੀਂ ਮਿਲਦੀਆਂ।

✔ ਜਿਵੇਂ ਵੀ, ਤੁਸੀਂ ਉਨ੍ਹਾਂ ਬਾਲ ਦੇਖਭਾਲ ਸਬੰਧੀ ਖ਼ਰਚੇਆਂ ਲਈ ਯੋਗ ਹੋ ਸਕਦੇ ਜੋ ਤੁਹਾਡੇ ਪ੍ਰਦਾਤਾ ਨੂੰ ਅਦਾ ਕੀਤੇ ਜਾਂਦੇ ਹਨ।

ਕੰਮ ਅਤੇ ਸਿਖਲਾਈ ਸਬੰਧੀ ਨਿਯਮਾਂ, ਕੰਮ ਸਬੰਧੀ ਹੱਲਾਸ਼ੇਰੀ, ਬਾਲ ਦੇਖਭਾਲ ਕਾਰਜਕ੍ਰਮਾਂ ਸਮੇਤ, ਬਾਰੇ ਤੱਥਾਂ ਲਈ ਪੰਨਾਂ 8 ਵੇਖੋ। **Work Pays** ਬਾਰੇ ਹੋਰ ਤੱਥਾਂ ਅਤੇ ਇਸ ਬਾਰੇ ਆਪਣੇ ਮੁਲਾਜ਼ਮ ਤੋਂ ਪੁੱਛੋ ਕਿ **ਅਨੁਦਾਨ-ਅਧਾਰਤ OJT** ਤੁਹਾਡੇ ਲਈ ਕਿੰਝ ਕੰਮ ਕਰ ਸਕਦਾ ਹੈ।

**ਯਾਦ ਰੱਖੋ, ਜਦੋਂ ਤਕ ਤੁਸੀਂ ਯੋਗ ਰਹਿੰਦੇ ਹੋ ਅਤੇ ਠੀਕ ਸਮੇਂ ‘ਤੇ ਰਿਪੋਰਟਿੰਗ ਸਬੰਧੀ ਨਿਯਮਾਂ ਦੀ ਪਾਲਣਾ ਕਰਦੇ ਹੋ ਤਾਂ ਤੁਸੀਂ ਕੰਮ ਕਰ ਸਕਦੇ ਹੋ ਅਤੇ ਫੇਰ ਵੀ ਨਕਦ ਸਹਾਇਤਾ ਪ੍ਰਾਪਤ ਕਰ ਸਕਦੇ ਹੋ।**

### ਕੰਮ ਅਤੇ ਸਿਖਲਾਈ ਸਬੰਧੀ ਨਿਯਮ

ਤੁਹਾਡਾ ਮੁਲਾਜ਼ਮ ਤੁਹਾਨੂੰ ਦੱਸੇਗਾ ਕਿ ਤੁਹਾਡੀ ਅਰਜ਼ੀ ਸਵੀਕਾਰ ਹੋਣ ਤੋਂ ਪਹਿਲਾਂ ਅਤੇ ਬਾਅਦ 'ਚ ਤੁਹਾਨੂੰ ਨਕਦ ਸਹਾਇਤਾ ਅਤੇ/ਜਾਂ CalFresh ਸਬੰਧੀ ਕਿਹੜੇ ਕਾਰਜੀ ਨਿਯਮਾਂ ਦੀ ਪਾਲਣਾ ਕਰਨ ਦੀ ਲੋੜ ਹੈ। ਨਕਦ ਸਹਾਇਤਾ, CalFresh, ਜਾਂ ਦੋਵੇਂ ਪ੍ਰਾਪਤ ਕਰਦੇ ਰਹਿਣ ਲਈ ਤੁਹਾਨੂੰ ਨੌਕਰੀ, ਸਿਖਲਾਈ ਜਾਂ ਵਿੱਦਿਅਕ ਕਿਰਿਆਵਾਂ 'ਚ ਰਹਿਣ ਦੀ ਲੋੜ ਹੋ ਸਕਦੀ ਹੈ। ਪਰਵਾਰ ਦੇ ਇਕ ਤੋਂ ਜ਼ਿਆਦਾ ਸਦੱਸ ਨੂੰ ਨਕਦ ਸਹਾਇਤਾ ਅਤੇ/ਜਾਂ CalFresh ਸਬੰਧੀ ਕਾਰਜੀ ਨਿਯਮਾਂ ਦੀ ਪਾਲਣਾ ਕਰਨ ਦੀ ਲੋੜ ਹੋ ਸਕਦੀ ਹੈ। ਜੇਕਰ ਕੰਮ ਜਾਂ ਸਿਖਲਾਈ ਸਬੰਧੀ ਨਿਯਮਾਂ ਦੀ ਪਾਲਣਾ ਨਾ ਕਰਨ ਲਈ ਕੋਈ ਅਯੋਗ ਹੁੰਦਾ ਹੈ, ਤਾਂ ਉਸਦੇ ਪਰਵਾਰ ਦੇ ਦੂਜੇ ਸਦੱਸਾਂ ਨੂੰ ਫੇਰ ਵੀ ਨਕਦ ਸਹਾਇਤਾ ਜਾਂ CalFresh ਮਿਲ ਸਕਦੇ ਹਨ, ਜਦੋਂ ਤਕ ਉਹ ਯੋਗ ਰਹਿੰਦੇ ਹਨ। ਪਰ ਉਨ੍ਹਾਂਨੂੰ ਮਿਲਣ ਵਾਲੀ ਨਕਦ ਸਹਾਇਤਾ ਜਾਂ CalFresh ਦੀ ਰਕਮ ਬਦਲ ਸਕਦੀ ਹੈ।

### ਨਕਦ ਸਹਾਇਤਾ ਕਾਰਜੀ ਨਿਯਮ

ਜੇਕਰ ਤੁਹਾਨੂੰ ਨਕਦ ਸਹਾਇਤਾ ਅਤੇ CalFresh ਫ਼ਾਇਦੇ ਮਿਲਦੇ ਹਨ ਜਾਂ ਸਿਰਫ਼ ਨਕਦ ਸਹਾਇਤਾ ਮਿਲਦੀ ਹੈ, ਤਾਂ ਆਪਣੇ ਨਕਦ ਸਹਾਇਤਾ ਅਤੇ CalFresh ਫ਼ਾਇਦੇ ਪ੍ਰਾਪਤ ਕਰਦੇ ਰਹਿਣ ਲਈ ਤੁਹਾਨੂੰ ਕੁਝ Welfare-to-Work (ਵੈਲਫ਼ੇਅਰ-ਟੂ-ਵਰਕ) ਕਿਰਿਆਵਾਂ 'ਚ ਹਿੱਸਾ ਲੈਣ ਦੀ ਲੋੜ ਹੋਵੇਗੀ। ਕਾਉਂਟੀ ਤੁਹਾਨੂੰ ਦੱਸੇਗੀ ਕਿ ਤੁਹਾਨੂੰ ਹਫ਼ਤੇ 'ਚ ਕਿੰਨੇ ਘੰਟੇ ਇਨ੍ਹਾਂ ਕਿਰਿਆਵਾਂ 'ਚ ਹਿੱਸਾ ਲੈਣਾ ਪਵੇਗਾ ਜਾਂ ਤੁਹਾਨੂੰ ਇਨ੍ਹਾਂ ਨਿਯਮਾਂ ਤੋਂ ਛੋਟ ਪ੍ਰਾਪਤ ਹੈ ਜਾਂ ਨਹੀਂ। Welfare-to-Work ਕਿਰਿਆਵਾਂ 'ਚ ਆਰਥਿਕ ਮਦਦ ਪ੍ਰਾਪਤ ਜਾਂ ਉਸਤੋਂ ਬਗੈਰ ਕੰਮ, ਕਾਰਜੀ ਤਜਰਬਾ, ਸਮੁਦਾਇਕ ਸੇਵਾ, ਬਾਲਗ ਮੁੱਢਲੀ ਸਿੱਖਿਆ, ਵਿਵਸਾਇਕ ਸਿਖਲਾਈ, ਅਤੇ ਨੌਕਰੀ ਲੱਭਣਾ ਸ਼ਾਮਲ ਹਨ, ਪਰ ਇਨ੍ਹਾਂ ਤਕ ਸੀਮਿਤ ਨਹੀਂ ਹਨ। ਆਰਥਿਕ ਮਦਦ ਪ੍ਰਾਪਤ ਦਾ ਮਤਲਬ ਹੈ ਕਿ ਕਾਉਂਟੀ ਜਾਂ ਰਕਮ ਦਾ ਕੋਈ ਹੋਰ ਸਰੋਤ ਤੁਹਾਡੇ ਮਿਹਨਤਾਨੇ ਦੇ ਕੁਝ ਹਿੱਸੇ ਲਈ ਤੁਹਾਡੇ ਮਾਲਕ ਨੂੰ ਭੁਗਤਾਨ ਕਰਦਾ ਹੈ।

ਨਕਦ ਸਹਾਇਤਾ ਸਬੰਧੀ ਕਾਰਜੀ ਨਿਯਮਾਂ ਦੇ ਮੁਤਾਬਕ ਇਹ ਵੀ ਹੈ ਕਿ ਤੁਹਾਨੂੰ:

- ਇਕ Welfare-to-Work ਯੋਜਨਾ 'ਤੇ ਦਸਤਖ਼ਤ ਕਰਨੇ ਪੈਣਗੇ;
- ਤੁਹਾਨੂੰ ਪੇਸ਼ ਕੀਤੀ ਜਾਣ ਵਾਲੀ ਕੋਈ ਢੁਕਵੀਂ ਨੌਕਰੀ ਲੈਣੀ ਪਵੇਗੀ;
- ਨੌਕਰੀ ਨਹੀਂ ਛੱਡੋਗੇ ਜਾਂ ਆਪਣੀ ਕਮਾਈ ਨਹੀਂ ਘਟਾਓਗੇ।

### ਨਕਦ ਸਹਾਇਤਾ ਸਬੰਧੀ ਕਾਰਜੀ ਨਿਯਮਾਂ ਦੀ ਪਾਲਣਾ ਨਾ ਕਰਨ ਲਈ ਰੋਕ

ਕਿਸੇ ਵੀ ਸਮੇਂ ਜਦੋਂ ਤੁਸੀਂ ਨਕਦ ਸਹਾਇਤਾ ਸਬੰਧੀ ਕਾਰਜੀ ਨਿਯਮਾਂ ਦੀ ਪਾਲਣਾ ਨਹੀਂ ਕਰਦੇ ਅਤੇ ਤੁਹਾਡੇ ਕੋਲ ਕੋਈ ਵਾਜਬ ਕਾਰਨ ਨਹੀਂ ਹੈ, ਤਾਂ ਤੁਹਾਡੀ ਨਕਦ ਸਹਾਇਤਾ ਓਦੋਂ ਤਕ ਬੰਦ ਕੀਤੀ ਜਾ ਸਕਦੀ ਹੈ ਜਦੋਂ ਤਕ ਤੁਸੀਂ ਉਹ ਨਹੀਂ ਕਰਦੇ ਜੋ ਤੁਹਾਨੂੰ ਕਰਨਾ ਚਾਹੀਦਾ ਹੈ। ਤੁਹਾਡੀ ਨਕਦ ਸਹਾਇਤਾ ਬੰਦ ਕਰਨ ਜਾਂ ਘਟਾਉਣ ਤੋਂ ਬਾਅਦ, ਤੁਸੀਂ ਓਦੋਂ ਉਹ ਵਾਪਸ ਪ੍ਰਾਪਤ ਕਰ ਸਕਦੇ ਹੋ ਜੇਕਰ ਤੁਸੀਂ ਉੱਨੀ ਕਾਰਜੀ ਨਿਯਮਾਂ ਦੀ ਪਾਲਣਾ ਕਰਦੇ ਹੋ ਜੋ ਤੁਸੀਂ ਛੱਡ ਦਿੱਤੀ ਸੀ ਜਾਂ ਜੇਕਰ ਤੁਹਾਨੂੰ ਛੋਟ ਪ੍ਰਾਪਤ ਹੁੰਦੀ ਹੈ। ਜੇਕਰ ਤੁਹਾਡੀ ਨਕਦ ਸਹਾਇਤਾ ਬੰਦ ਕਰ ਦਿੱਤੀ ਜਾਂਦੀ ਹੈ, ਤਾਂ ਤੁਹਾਡੇ CalFresh ਫ਼ਾਇਦੇ ਵੀ ਬੰਦ ਕੀਤੇ ਜਾਂ ਘਟਾਏ ਜਾ ਸਕਦੇ ਹਨ।

### ਨਕਦ ਸਹਾਇਤਾ ਪ੍ਰਾਪਤ ਨਾ ਕਰਨ ਵਾਲੇ ਲੋਕਾਂ ਲਈ CalFresh ਕਾਰਜੀ ਨਿਯਮ

ਜੇਕਰ ਤੁਹਾਨੂੰ ਸਿਰਫ਼ CalFresh ਫ਼ਾਇਦੇ ਮਿਲਦੇ ਹਨ, ਤਾਂ ਆਪਣੇ CalFresh ਫ਼ਾਇਦੇ ਪ੍ਰਾਪਤ ਕਰਦੇ ਰਹਿਣ ਲਈ ਤੁਹਾਨੂੰ ਰੋਜ਼ਗਾਰ ਅਤੇ ਸਿਖਲਾਈ ਸਬੰਧੀ ਕੁਝ ਕਿਰਿਆਵਾਂ 'ਚ ਹਿੱਸਾ ਲੈਣ ਦੀ ਲੋੜ ਹੋ ਸਕਦੀ ਹੈ। ਇਨ੍ਹਾਂ ਕਿਰਿਆਵਾਂ 'ਚ ਨੌਕਰੀ ਲੱਭਣਾ, ਵਰਕਫ਼ੇਅਰ (ਕਾਰਜ ਸਬੰਧੀ ਭਲਾਈ), ਬਾਲਗ ਮੁਢਲੀ ਸਿੱਖਿਆ, ਅਤੇ ਵਿਵਸਾਇਕ ਸਿਖਲਾਈ ਸ਼ਾਮਲ ਹਨ। ਕਾਉਂਟੀ ਤੁਹਾਨੂੰ ਦੱਸੇਗੀ ਕਿ ਤੁਹਾਨੂੰ ਹਫ਼ਤੇ 'ਚ ਕਿੰਨੇ ਘੰਟੇ ਇਨ੍ਹਾਂ ਕਿਰਿਆਵਾਂ 'ਚ ਹਿੱਸਾ ਲੈਣਾ ਪਵੇਗਾ ਜਾਂ ਤੁਹਾਨੂੰ ਇਨ੍ਹਾਂ ਨਿਯਮਾਂ ਤੋਂ ਛੋਟ ਪ੍ਰਾਪਤ ਹੈ ਜਾਂ ਨਹੀਂ।

CalFresh ਸਬੰਧੀ ਕਾਰਜੀ ਨਿਯਮਾਂ ਦੇ ਮੁਤਾਬਕ ਇਹ ਵੀ ਹੈ ਕਿ ਤੁਹਾਨੂੰ:

- ਆਪਣੇ ਕਾਰਜੀ ਤਜਰਬੇ ਅਤੇ ਕੰਮ ਕਰਨ ਦੀ ਖਿਮਤਾ ਬਾਰੇ ਸਵਾਲਾਂ ਦੇ ਜਵਾਬ ਦੇਣੇ ਪੈਣਗੇ;
- ਸਾਡੇ ਦੁਆਰਾ ਦੱਸੀ ਗਈ ਕਿਸੇ ਸੰਭਾਵੀ ਨੌਕਰੀ ਵੇਖਣੀ ਪਵੇਗੀ ਅਤੇ ਤੁਹਾਨੂੰ ਪੇਸ਼ ਕੀਤੀ ਜਾਣ ਵਾਲੀ ਕੋਈ ਢੁਕਵੀਂ ਨੌਕਰੀ ਲੈਣੀ ਪਵੇਗੀ;
- ਨੌਕਰੀ ਨਹੀਂ ਛੱਡੋਗੇ ਜਾਂ ਆਪਣੇ ਕੰਮ ਕਰਨ ਦੇ ਘੰਟੇ 30 ਘੰਟੇ ਪ੍ਰਤੀ ਹਫ਼ਤੇ ਤੋਂ ਨਹੀਂ ਘਟਾਓਗੇ।

### ਸਿਰਫ਼ CalFresh ਜੁਰਮਾਨੇ

ਜੇਕਰ ਤੁਸੀਂ CalFresh ਸਬੰਧੀ ਕਾਰਜੀ ਨਿਯਮਾਂ ਦੀ ਪਾਲਣਾ ਨਹੀਂ ਕਰਦੇ ਅਤੇ ਤੁਹਾਡੇ ਕੋਲ ਕੋਈ ਵਾਜਬ ਕਾਰਨ ਨਹੀਂ ਹੈ, ਤਾਂ ਇਸ 'ਤੇ ਨਿਰਭਰ ਕਰਦੇ ਹੋਏ ਕਿ ਤੁਸੀਂ ਕਿੰਨੀ ਵਾਰੀ ਨਿਯਮਾਂ ਦੀ ਪਾਲਣਾ ਨਹੀਂ ਕਰਦੇ, ਇਕ, ਤਿੰਨ, ਜਾਂ ਛੇ ਮਹੀਨਿਆਂ ਲਈ, ਤੁਹਾਡੇ CalFresh ਫ਼ਾਇਦਿਆਂ ਤੋਂ ਇਨਕਾਰ ਕੀਤਾ ਜਾਵੇਗਾ ਜਾਂ ਉਹ ਬੰਦ ਕਰ ਦਿੱਤੇ ਜਾਣਗੇ। ਤੁਹਾਡੇ CalFresh ਫ਼ਾਇਦੇ ਬੰਦ ਹੋਣ ਤੋਂ ਬਾਅਦ, ਤੁਸੀਂ ਸਿਰਫ਼ ਜੁਰਮਾਨਾ ਖ਼ਤਮ ਹੋਣ 'ਤੇ ਜਾਂ, ਜੇਕਰ ਤੁਹਾਨੂੰ ਛੋਟ ਪ੍ਰਾਪਤ ਹੁੰਦੀ ਹੈ, ਤਾਂ ਛੇਤੀ ਉਹ ਫੇਰ ਪ੍ਰਾਪਤ ਕਰ ਸਕਦੇ ਹੋ।

### ਨਕਦ ਸਹਾਇਤਾ ਪ੍ਰਾਪਤ ਨਾ ਕਰਨ ਵਾਲੇ ਸਮਰੱਥ ਬਾਲਗਾਂ ਲਈ ਕਾਰਜੀ ਸ਼ਰਤ

ਜੇਕਰ ਤੁਹਾਨੂੰ ਸਿਰਫ਼ CalFresh ਫ਼ਾਇਦੇ ਮਿਲਦੇ ਹਨ ਅਤੇ ਤੁਹਾਡੇ ਨਾਬਾਲਗ ਬੱਚੇ ਨਹੀਂ ਹਨ, ਤਾਂ ਇਕ ਹੋਰ ਕਾਰਜੀ ਨਿਯਮ ਹੈ ਤੁਹਾਨੂੰ ਜਿਸਦੀ ਪਾਲਣਾ ਕਰਨ ਦੀ ਲੋੜ ਹੋ ਸਕਦੀ ਹੈ। ਜੇਕਰ ਤੁਹਾਡੀ ਉਮਰ 18 ਸਾਲ ਤੋਂ ਘੱਟ, 49 ਸਾਲ ਤੋਂ ਜ਼ਿਆਦਾ ਹੈ, ਤੁਸੀਂ ਗਰਭਵਤੀ ਹੋ, ਜਾਂ ਤੁਸੀਂ ਨਾਬਾਲਗ ਬੱਚੇ ਵਾਲੇ ਕਿਸੇ CalFresh ਪਰਵਾਰ ਦੇ ਸਦੱਸ ਹੋ, ਤਾਂ ਤੁਹਾਨੂੰ ਇਸ ਕਾਰਜੀ ਨਿਯਮ ਦੀ ਪਾਲਣਾ ਕਰਨ ਦੀ ਲੋੜ ਨਹੀਂ ਹੈ। ਤੁਹਾਨੂੰ ਹੋਰ ਕਾਰਨਾਂ ਵਜੋਂ ਛੋਟ ਦਿੱਤੀ ਜਾ ਸਕਦੀ ਹੈ ਜਿਨ੍ਹਾਂ ਬਾਰੇ ਤੁਹਾਡਾ ਕਾਉਂਟੀ ਮੁਲਾਜ਼ਮ ਦੱਸ ਸਕਦਾ ਹੈ।ਕਾਰਜੀ ਨਿਯਮ ਦੇ ਮੁਤਾਬਕ ਜੇਕਰ ਤੁਸੀਂ ਇਕ ਸਮਰੱਥ ਬਾਲਗ ਹੋ, ਤਾਂ ਤੁਹਾਨੂੰ ਤਨਖ਼ਾਹੀ ਰੋਜ਼ਗਾਰ 'ਚ ਘੱਟੋ-ਘੱਟ ਹਫ਼ਤੇ 'ਚ 20 ਘੰਟੇ ਜਾਂ ਮਹੀਨੇ 'ਚ 80 ਘੰਟੇ ਲਈ ਕੰਮ ਕਰਨਾ ਪਵੇਗਾ, ਲੋੜੀਂਦੇ ਘੰਟਿਆਂ ਲਈ ਕਿਸੇ ਵਰਕਫ਼ੇਅਰ ਪ੍ਰੋਜੈਕਟ 'ਚ ਹਿੱਸਾ ਲੈਣਾ ਪਵੇਗਾ, ਜਾਂ ਘੱਟੋ-ਘੱਟ 20 ਘੰਟੇ ਪ੍ਰਤੀ ਹਫ਼ਤੇ ਜਾਂ 80 ਘੰਟੇ ਪ੍ਰਤੀ ਮਹੀਨੇ ਲਈ ਕਿਸੇ ਮਨਜ਼ੂਰਸ਼ੁਦਾ ਸਿਖਲਾਈ ਕਿਰਿਆ 'ਚ ਹਿੱਸਾ ਲੈਣਾ ਪਵੇਗਾ। 36 ਮਹੀਨਿਆਂ ਦੀ ਮਿਆਦ 'ਚ, ਜੇਕਰ ਅਜਿਹੇ ਕੋਈ ਤਿੰਨ ਮਹੀਨੇ ਹਨ ਜਿਸਦੇ ਦੌਰਾਨ ਤੁਸੀਂ ਕਾਰਜੀ ਨਿਯਮ ਦੀ ਪਾਲਣਾ ਨਹੀਂ ਕਰਦੇ ਤਾਂ CalFresh ਫ਼ਾਇਦੇ ਬੰਦ ਹੋ ਜਾਣਗੇ। ਜੇਕਰ ਨੌਕਰੀ ਛੁੱਟਣ ਜਿਹੇ ਕਾਰਨਾਂ ਵਜੋਂ ਤੁਸੀਂ ਕਾਰਜੀ ਨਿਯਮ ਦੀ ਪਾਲਣਾ ਕਰਨੀ ਬੰਦ ਕਰ ਦਿੰਦੇ ਹੋ, ਤਾਂ ਕਾਰਜੀ ਨਿਯਮ ਦੀ ਪਾਲਣਾ ਕੀਤੇ ਬਿਨਾਂ ਤੁਸੀਂ ਲਗਾਤਾਰ ਤਿੰਨ ਮਹੀਨਿਆਂ ਲਈ CalFresh ਫ਼ਾਇਦੇ ਪ੍ਰਾਪਤ ਕਰ ਸਕਦੇ ਹੋ। ਉਸਤੋਂ ਬਾਅਦ ਤੁਸੀਂ ਸਿਰਫ਼ ਓਦੋਂ CalFresh ਫ਼ਾਇਦੇ ਪ੍ਰਾਪਤ ਕਰ ਸਕਦੇ ਹੋ ਜੇਕਰ ਤੁਸੀਂ ਕਾਰਜੀ ਨਿਯਮ ਦੀ ਪਾਲਣਾ ਕਰਦੇ ਹੋ ਜਾਂ ਤੁਹਾਨੂੰ ਛੋਟ ਪ੍ਰਾਪਤ ਹੁੰਦੀ ਹੈ।

### CalWORKs ਆਮਦਨੀ ਇਨ੍ਹਾਂ ਨੂੰ ਨਜ਼ਰਅੰਦਾਜ਼ ਕਰਦੀ ਹੈ

ਤੁਹਾਡੇ ਪਰਵਾਰ ਨੂੰ ਮਿਲਣ ਵਾਲੀ ਨਕਦ ਸਹਾਇਤਾ ਦੀ ਕੁੱਲ ਰਕਮ ਤੁਹਾਡੇ ਪਰਵਾਰ ਦੇ ਆਕਾਰ ਅਤੇ ਤੁਹਾਡੀ ਕਿਸੇ ਹੋਰ ਆਮਦਨੀ 'ਤੇ ਅਧਾਰਤ ਹੈ। ਤੁਹਾਨੂੰ ਮਿਲਣ ਵਾਲੀ ਨਕਦ ਸਹਾਇਤਾ ਦੀ ਕੁੱਲ ਰਕਮ ਦਾ ਹਿਸਾਬ ਲਗਾਉਂਦੇ ਸਮੇਂ ਕਨੂੰਨ ਕੁਝ ਆਮਦਨੀ ਨੂੰ ਨਜ਼ਰਅੰਦਾਜ਼ ਕਰਨ ਦੀ ਇਜਾਜ਼ਤ ਦਿੰਦਾ ਹੈ।

- ਜੇਕਰ ਤੁਹਾਡੇ ਪਰਵਾਰ ਨੂੰ $225 ਪ੍ਰਤੀ ਮਹੀਨੇ ਤੋਂ ਜ਼ਿਆਦਾ ਦੀ Disability Income (ਅਸਮਰੱਥਾ ਆਮਦਨੀ) (DI) ਮਿਲਦੀ ਹੈ, ਤਾਂ ਸਿਰਫ਼ ਪਹਿਲੇ $225 ਨਜ਼ਰਅੰਦਾਜ਼ ਕੀਤੇ ਜਾਂਦੇ ਹਨ।
- ਜੇਕਰ ਤੁਹਾਡੇ ਪਰਵਾਰ ਨੂੰ $225 ਪ੍ਰਤੀ ਮਹੀਨਾ ਜਾਂ ਘੱਟ ਦੀ DI ਮਿਲਦੀ ਹੈ, ਤਾਂ ਉਸ 'ਚੋਂ ਕੁਝ ਵੀ ਆਮਦਨੀ ਦੇ ਰੂਪ 'ਚ ਨਹੀਂ ਗਿਣਿਆ ਜਾਵੇਗਾ ਅਤੇ ਜੇਕਰ ਤੁਹਾਡੀ Earned Income (ਕਮਾਈ ਗਈ ਆਮਦਨੀ) (EI) ਵੀ ਹੈ, ਤਾਂ $225 ਨਜ਼ਰਅੰਦਾਜ਼ ਦੀ ਬਕਾਇਆ ਰਕਮ, $225 ਤਕ, ਨੂੰ ਆਮਦਨੀ ਦੇ ਰੂਪ 'ਚ ਨਹੀਂ ਗਿਣਿਆ ਜਾਵੇਗਾ।
- ਇਸਤੋਂ ਇਲਾਵਾ, ਕਿਸੇ ਹੋਰ EI ਦਾ 50 ਫ਼ੀਸਦੀ ਨਜ਼ਰਅੰਦਾਜ਼ ਕਰ ਦਿੱਤਾ ਜਾਵੇਗਾ।
- ਬਕਾਇਆ ਰਕਮ ਤੁਹਾਡੀ ਸ਼ੁੱਧ ਗਿਣਨ ਯੋਗ ਆਮਦਨੀ ਹੈ ਅਤੇ ਇਹ ਉਹ ਰਕਮ ਹੈ ਜੋ ਤੁਹਾਡੀ ਨਕਦ ਸਹਾਇਤਾ ਦਾ ਹਿਸਾਬ ਲਗਾਉਣ ਲਈ ਇਸਤੇਮਾਲ ਕੀਤੀ ਜਾਵੇਗੀ।

### ਸਵੈ-ਰੋਜ਼ਗਾਰ ਨਾਲ ਵਿਹਾਰ

ਜੇਕਰ ਤੁਹਾਡਾ ਸਵੈ-ਰੋਜ਼ਗਾਰ ਹੈ, ਤਾਂ ਤੁਹਾਡੇ ਕੋਲ ਕੁੱਲ ਆਮਦਨੀ ਦੇ 40 ਫ਼ੀਸਦੀ ਦੀ ਮਿਆਰੀ ਕਟੌਤੀ ਦੇ ਅਧਾਰ 'ਤੇ ਜਾਂ ਅਸਲੀ ਵਿਵਸਾਇਕ ਖ਼ਰਚੇ ਇਸਤੇਮਾਲ ਕਰਦੇ ਹੋਏ ਆਪਣੇ ਵਿਵਸਾਇਕ ਖ਼ਰਚਿਆਂ ਦਾ ਹਿਸਾਬ ਲਗਾਉਣ ਦਾ ਵਿਕਲਪ ਹੋਵੇਗਾ। ਆਪਣੀ ਸਵੈ-ਰੋਜ਼ਗਾਰ ਸਬੰਧੀ ਸ਼ੁੱਧ ਆਮਦਨੀ ਦਾ ਹਿਸਾਬ ਲਗਾਉਣ ਦਾ ਤਰੀਕਾ ਚੁਣਨ ਤੋਂ ਬਾਅਦ, ਤੁਸੀਂ ਸਿਰਫ਼ ਮੁੜ-ਨਿਰਧਾਰਣ 'ਤੇ ਜਾਂ ਹਰ ਛੇ ਮਹੀਨਿਆਂ ਬਾਅਦ, ਜੋ ਵੀ ਪਹਿਲਾਂ ਹੁੰਦਾ ਹੈ, ਖ਼ਰਚਿਆਂ ਦਾ ਹਿਸਾਬ ਲਗਾਉਣ ਦੇ ਤਰੀਕੇ 'ਚ ਬਦਲਾਵ ਕਰ ਸਕਦੇ ਹੋ।

### CalWORKs ਬਾਲ ਦੇਖਭਾਲ ਕਾਰਜਕ੍ਰਮ

ਉਨ੍ਹਾਂ ਪ੍ਰਾਪਤਕਰਤਾਵਾਂ ਲਈ ਬਾਲ ਦੇਖਭਾਲ ਸਬੰਧੀ ਫ਼ਾਇਦੇ ਉਪਲਬਧ ਹਨ ਜਿਨ੍ਹਾਂਨੂੰ ਕੰਮ ਕਰਨ ਜਾਂ ਕਾਉਂਟੀ ਦੁਆਰਾ ਮਨਜ਼ੂਰਸ਼ੁਦਾ Welfare-to-work ਕਿਰਿਆਵਾਂ, ਜਿਵੇਂ ਸਿੱਖਿਆ ਜਾਂ ਨੌਕਰੀ ਸਬੰਧੀ ਸਿਖਲਾਈ ਦੇ ਕਾਰਜਕ੍ਰਮਾਂ 'ਚ ਸ਼ਾਮਲ ਹੋਣਾ, 'ਚ ਹਿੱਸਾ ਲੈਣ ਲਈ ਬਾਲ ਦੇਖਭਾਲ ਦੀ ਲੋੜ ਹੈ।

### California Department of Education (ਕੈਲੀਫ਼ੋਰਨੀਆ ਸਿੱਖਿਆ ਮਹਿਕਮਾ) (CDE) ਬਾਲ ਦੇਖਭਾਲ

ਬਾਲ ਦੇਖਭਾਲ ਸਬੰਧੀ ਫ਼ਾਇਦੇ CDE ਤੋਂ ਵੀ ਉਪਲਬਧ ਹਨ। ਵਧੇਰੀ ਜਾਣਕਾਰੀ ਲਈ ਆਪਣੀ ਸਥਾਨਕ ਵਸੀਲੇ ਅਤੇ ਰੈਫ਼ਰਲ ਏਜੰਸੀ ਨਾਲ ਸੰਪਰਕ ਕਰੋ।

### Transitional Medi-Cal (ਤਬਦੀਲੀ Medi-Cal) (TMC)

ਤੁਹਾਨੂੰ 12 ਮਹੀਨਿਆਂ ਤਕ Medi-Cal ਮਿਲ ਸਕਦੀ ਹੈ ਜੇਕਰ ਤੁਸੀਂ ਨਕਦ ਸਹਾਇਤਾ ਛੱਡ ਦਿੰਦੇ ਹੋ ਕਿਉਂਕਿ ਤੁਸੀਂ ਕੰਮ ਕਰਦੇ ਹੋ। ਤੁਹਾਡੇ ਪਰਵਾਰ ਨੂੰ ਨਕਦ ਸਹਾਇਤਾ ਬੰਦ ਹੋਣ ਤੋਂ ਪਹਿਲਾਂ ਪਿਛਲੇ ਛੇ ਮਹੀਨਿਆਂ 'ਚੋਂ ਘੱਟੋ-ਘੱਟ ਤਿੰਨ ਮਹੀਨਿਆਂ ਤਕ ਨਕਦ ਸਹਾਇਤਾ ਮਿਲੀ ਹੋਣੀ ਚਾਹੀਦੀ ਹੈ। ਛੇ ਮਹੀਨਿਆਂ ਤੋਂ ਵੱਧ ਲਈ TMC ਪ੍ਰਾਪਤ ਕਰਨ ਲਈ, ਤੁਹਾਡੀ ਆਮਦਨੀ ਕੁਝ ਸੀਮੀਵਾਂ ਹੇਠ ਹੋਣੀ ਚਾਹੀਦੀ ਹੈ ਅਤੇ ਤੁਹਾਨੂੰ TMC ਰਿਪੋਰਟਿੰਗ ਸਬੰਧੀ ਨਿਯਮਾਂ ਦੀ ਪਾਲਣਾ ਕਰਨੀ ਪਵੇਗੀ।

# ਹੋਰ ਮਹੱਤਵਪੂਰਨ ਜਾਣਕਾਰੀ

**ਨਕਦ ਸਹਾਇਤਾ ਅਤੇ CALFRESH ਅਰਧ-ਵਾਰਸ਼ਿਕ ਰਿਪੋਰਟਿੰਗ (SAR) ਪਰਵਾਰ ਬਜਟ ਬਣਾਉਣ ਸਬੰਧੀ ਨਿਯਮ**

ਨਕਦ ਸਹਾਇਤਾ ਅਤੇ/ਜਾਂ CalFresh ਫ਼ਾਇਦਿਆਂ ਦੀ ਜੋ ਰਕਮ ਤੁਹਾਨੂੰ ਮਿਲ ਸਕਦੀ ਹੈ ਉਹ ਤੁਹਾਡੀ ਆਮਦਨੀ ਅਤੇ ਇਜਾਜ਼ਤ ਦੇਣ ਯੋਗ ਖ਼ਰਚੇਆਂ 'ਤੇ ਨਿਰਭਰ ਕਰਦੀ ਹੈ। ਤੁਹਾਨੂੰ ਆਪਣੀ ਅਰਜ਼ੀ ਤੋਂ ਛੇ ਮਹੀਨਿਆਂ ਬਾਅਦ ਅਤੇ ਹਰ ਸਾਲਾਨਾ ਮੁੜ-ਨਿਰਧਾਰਣ/ਮੁੜ-ਪ੍ਰਮਾਣੀਕਰਣ (RD/RC) ਤੋਂ ਬਾਅਦ ਭਰਨ ਲਈ ਅਰਧ-ਵਾਰਸ਼ਿਕ ਯੋਗਤਾ ਰਿਪੋਰਟ (SAR 7) ਪ੍ਰਾਪਤ ਹੋਵੇਗੀ। SAR 7 'ਚ, ਤੁਹਾਨੂੰ ਇਹ ਜਾਣਕਾਰੀ ਦੇਣੀ ਪਵੇਗੀ ਕਿ ਰਿਪੋਰਟ ਭੇਜਣ ਦੇ ਮਹੀਨੇ 'ਚ ਤੁਹਾਡੀ ਕਿੰਨੀ ਆਮਦਨੀ ਅਤੇ ਖ਼ਰਚੇ ਸਨ ਅਤੇ ਤੁਹਾਡੀ ਰਿਪੋਰਟ ਜਮ੍ਹਾਂ ਕਰਨ ਤੋਂ ਬਾਅਦ ਛੇ ਮਹੀਨਿਆਂ 'ਚ ਹੋਣ ਵਾਲੇ ਕੋਈ ਗਿਆਤ ਬਦਲਾਵ ਕੀ ਹੋਣਗੇ। ਰਿਪੋਰਟ ਭੇਜਣ ਦਾ ਮਹੀਨਾ ਤੁਹਾਡੇ SAR 7 ਦੇ ਉੱਪਰਲੇ ਹਿੱਸੇ 'ਚ ਮੌਜੂਦ ਹੋਵੇਗਾ। ਉਨ੍ਹਾਂ ਛੇ ਮਹੀਨਿਆਂ ਲਈ ਤੁਹਾਨੂੰ ਮਿਲਣ ਵਾਲੀ ਨਕਦ ਸਹਾਇਤਾ ਅਤੇ/ਜਾਂ CalFresh ਫ਼ਾਇਦਿਆਂ ਦਾ ਹਿਸਾਬ ਲਗਾਉਣ ਲਈ ਰਿਪੋਰਟ ਭੇਜਣ ਦੇ ਮਹੀਨੇ 'ਚ ਤੁਹਾਡੀ ਆਮਦਨੀ ਅਤੇ ਖ਼ਰਚੇ ਅਤੇ ਕੋਈ ਗਿਆਤ ਬਦਲਾਵ ਇਸਤੇਮਾਲ ਕੀਤੇ ਜਾਣਗੇ। ਜੇਕਰ ਤੁਹਾਨੂੰ ਆਪਣੀ ਆਮਦਨੀ ਜਾਂ ਖ਼ਰਚੇਆਂ 'ਚ ਬਦਲਾਵ ਹੋਣ ਦੀ ਉਮੀਦ ਨਹੀਂ ਹੈ ਤਾਂ ਤੁਹਾਡੇ ਦੁਆਰਾ ਰਿਪੋਰਟ ਭੇਜਣ ਦੇ ਮਹੀਨੇ ਬਾਰੇ SAR 7 'ਚ ਦਰਜ ਕੀਤੀ ਗਈ ਜਾਣਕਾਰੀ ਅਗਲੇ ਛੇ ਮਹੀਨਿਆਂ ਲਈ ਇਸਤੇਮਾਲ ਕੀਤੀ ਜਾਵੇਗੀ।

ਉਦਾਹਰਨ ਲਈ, ਜੇਕਰ ਤੁਸੀਂ ਮਾਰਚ 'ਚ SAR 7 ਜਮ੍ਹਾਂ ਕਰਦੇ ਹੋ, ਤਾਂ ਤੁਸੀਂ ਇਹ ਜਾਣਕਾਰੀ ਦਿਓਗੇ ਕਿ ਫ਼ਰਵਰੀ 'ਚ ਤੁਹਾਨੂੰ ਕੀ ਆਮਦਨੀ ਮਿਲੀ ਸੀ। ਤੁਸੀਂ ਆਮਦਨੀ 'ਚ ਅਜਿਹੇ ਕਿਸੇ ਬਦਲਾਵਾਂ ਬਾਰੇ ਵੀ ਜਾਣਕਾਰੀ ਦਿਓਗੇ ਜੋ ਤੁਹਾਨੂੰ ਅਪ੍ਰੈਲ, ਮਈ, ਜੂਨ, ਜੁਲਾਈ, ਅਗਸਤ ਅਤੇ ਸਿਤੰਬਰ 'ਚ ਹੋਣ ਦੀ ਉਮੀਦ ਹੈ। ਜੇਕਰ ਫ਼ਰਵਰੀ ਦੀ ਆਮਦਨੀ ਉਹੀ ਰਹੇਗੀ, ਤਾਂ ਉਨ੍ਹਾਂ 'ਚੋਂ ਹਰ ਮਹੀਨੇ ਲਈ ਉਹੀ ਆਮਦਨੀ ਅਤੇ ਖ਼ਰਚੇ ਇਸਤੇਮਾਲ ਕਰ ਕੇ ਅਪ੍ਰੈਲ, ਮਈ, ਜੂਨ, ਜੁਲਾਈ, ਅਗਸਤ ਅਤੇ ਸਿਤੰਬਰ ਲਈ ਤੁਹਾਡੀ ਨਕਦ ਸਹਾਇਤਾ ਅਤੇ/ਜਾਂ CalFresh ਫ਼ਾਇਦਿਆਂ ਦਾ ਹਿਸਾਬ ਲਗਾਇਆ ਜਾਵੇਗਾ। ਜੇਕਰ ਤੁਹਾਡੀ ਆਮਦਨੀ ਅਤੇ ਖ਼ਰਚੇਆਂ 'ਚ ਬਦਲਾਵ ਹੋਣਗੇ, ਤਾਂ ਅਰਧ-ਵਾਰਸ਼ਿਕ ਮਿਆਦ ਦੇ ਹਰ ਮਹੀਨੇ ਲਈ ਤੁਹਾਡੀ ਨਕਦ ਸਹਾਇਤਾ ਅਤੇ/ਜਾਂ CalFresh ਫ਼ਾਇਦਿਆਂ ਦਾ ਹਿਸਾਬ ਲਗਾਉਣ ਲਈ ਤੁਹਾਡਾ ਮੁਲਾਜ਼ਮ ਉਨ੍ਹਾਂ ਮਹੀਨਿਆਂ 'ਚ ਤੁਹਾਨੂੰ ਮਿਲਣ ਵਾਲੀ ਆਮਦਨੀ ਦੀ ਨਵੀਂ ਰਕਮ ਇਸਤੇਮਾਲ ਕਰੇਗਾ। ਇਸ ਵਿਧੀ ਨੂੰ ਸੰਭਾਵੀ ਬਜਟ ਬਣਾਉਣਾ ਕਿਹਾ ਜਾਂਦਾ ਹੈ।

**ਨਕਦ ਸਹਾਇਤਾ ਸਾਲਾਨਾ ਰਿਪੋਰਟਿੰਗ (AR) ਕੇਸ ਅਤੇ ਬਦਲਾਵ ਦੀ ਜਾਣਕਾਰੀ ਦੇਣ ਵਾਲੇ CALWORKS AR ਕੇਸ ਵਾਲੇ CALFRESH ਪਰਵਾਰ ਬਜਟ ਬਣਾਉਣ ਸਬੰਧੀ ਨਿਯਮ**

Annual Reporting (ਸਾਲਾਨਾ ਰਿਪੋਰਟਿੰਗ) (AR) ਵਾਲੇ ਪਰਵਾਰ ਵੀ ਸੰਭਾਵੀ ਬਜਟ ਇਸਤੇਮਾਲ ਕਰਨਗੇ, ਸਿਰਫ਼ ਤੁਹਾਡੇ ਕੋਲ SAR ਪਰਵਾਰਾਂ ਲਈ SAR 7 ਵਾਂਗ ਕੋਈ ਨੇਮੀ ਰਿਪੋਰਟ ਫ਼ਾਰਮ ਨਹੀਂ ਹੋਵੇਗਾ। AR ਵਾਲੇ ਪਰਵਾਰ ਆਪਣੇ ਸਾਲਾਨਾ RD/RC ਫ਼ਾਰਮਸ 'ਤੇ ਆਪਣੀ ਕੋਈ ਵੀ ਆਮਦਨੀ, ਖ਼ਰਚੇ ਅਤੇ ਸੰਪੱਤੀ ਅਤੇ ਅਜਿਹੇ ਕਿਸੇ ਬਦਲਾਵਾਂ ਦੀ ਜਾਣਕਾਰੀ ਦੇਣਗੇ ਜੋ ਉਨ੍ਹਾਂਨੂੰ ਅਗਲੇ 12 ਮਹੀਨਿਆਂ 'ਚ ਹੋਣ ਦਾ ਯਕੀਨ ਹੈ। ਤੁਹਾਡੇ ਦੁਆਰਾ ਦਿੱਤੀ ਗਈ ਜਾਣਕਾਰੀ ਅਗਲੇ 12 ਮਹੀਨਿਆਂ ਲਈ ਤੁਹਾਡੀ ਨਕਦ ਸਹਾਇਤਾ ਅਤੇ/ਜਾਂ CalFresh ਫ਼ਾਇਦਿਆਂ ਦਾ ਹਿਸਾਬ ਲਗਾਉਣ ਲਈ ਇਸਤੇਮਾਲ ਕੀਤੀ ਜਾਵੇਗੀ। ਅਜਿਹੀਆਂ ਕੁਝ ਚੀਜ਼ਾਂ ਹਨ ਜਿਨ੍ਹਾਂ ਦੇ ਹੋਣ ਤੋਂ ਬਾਅਦ 10 ਦਿਨਾਂ ਦੇ ਅੰਦਰ ਤੁਹਾਨੂੰ ਉਨ੍ਹਾਂ ਦੀ ਜਾਣਕਾਰੀ ਦੇਣੀ ਪਵੇਗੀ। AR ਕੇਸਾਂ ਅਤੇ ਬਦਲਾਵ ਦੀ ਜਾਣਕਾਰੀ ਦੇਣ ਵਾਲੇ AR ਕੇਸ ਵਾਲੇ CalFresh ਪਰਵਾਰਾਂ ਲਈ ਲਾਜ਼ਮੀ ਰਿਪੋਰਟਿੰਗ ਨਿਯਮ ਇਸ ਫ਼ਾਰਮ ਦੇ ਪੰਨਾ 5 'ਤੇ ਦਿੱਤੇ ਗਏ ਹਨ।

**ਸੰਪੱਤੀ ਦੀ ਸੀਮਾ**

**CalWORKs:**

ਉਸ ਸੰਪਤੀ (ਜਿਵੇਂ ਬੈਂਕ ਖਾਤੇ, ਸਟੌਕਸ, ਆਦਿ) ਦੀ ਕੀਮਤ 'ਤੇ $2,250 ਦੀ ਸੀਮਾ ਹੈ ਜਿਸਦਾ ਤੁਹਾਡਾ ਪਰਿਵਾਰ ਮਾਲਕ ਹੋ ਸਕਦਾ ਹੈ ਅਤੇ CalWORKs ਫਾਇਦੇ ਪ੍ਰਾਪਤ ਕਰਨ ਲਈ ਯੋਗ ਹੋ ਸਕਦਾ ਹੈ। ਜੇਕਰ ਤੁਹਾਡੇ ਪਰਿਵਾਰ ਵਿੱਚ ਕੋਈ ਘੱਟੋ-ਘੱਟ 60 ਸਾਲ ਦੀ ਉਮਰ ਦਾ ਜਾਂ ਅਸਮਰਥ ਵਿਅਕਤੀ ਹੈ ਤਾਂ ਸੀਮਾ $3,250 ਹੈ। ਤੁਹਾਡਾ ਘਰ ਅਤੇ ਫਰਨੀਚਰ ਇਸ ਸੀਮਾ ਦਾ ਹਿੱਸਾ ਨਹੀਂ ਹਨ। ਤੁਸੀਂ ਕਿਸੇ ਵਾਹਨ (ਉਦਾਹਰਨ ਲਈ ਕਾਰ, ਟਰੱਕ, ਵੈਨ, ਮੋਟਰਸਾਈਕਲ, ਆਦਿ) ਦੇ ਮਾਲਕ ਹੋ ਸਕਦੇ ਹੋ ਜਦੋਂ ਤਕ ਇਸਦੀ ਕੀਮਤ ਵਿੱਚੋਂ ਤੁਹਾਡੇ ਉੱਪਰ ਕਰਜ਼ ਨੂੰ ਘਟਾਉਣ 'ਤੇ $9,500 ਤੋਂ ਘੱਟ ਬਚਦਾ ਹੈ। ਜੇ ਇਹ ਤੁਹਾਨੂੰ ਤੋਹਫੇ, ਦਾਨ ਦੇ ਰੂਪ ਵਿੱਚ ਦਿੱਤਾ ਗਿਆ ਸੀ ਜਾਂ ਇਹ ਤੁਹਾਨੂੰ ਪਰਿਵਾਰ ਦੇ ਕਿਸੇ ਮੈਂਬਰ ਨੇ ਟ੍ਰਾਂਸਫਰ ਕੀਤਾ ਸੀ ਤਾਂ ਅਸੀਂ ਇਸ ਨੂੰ ਨਹੀਂ ਗਿਣਦੇ ਹਾਂ। ਤੁਹਾਨੂੰ ਕਾਉਂਟੀ ਨੂੰ ਡਿਪਾਰਟਮੈਂਟ ਆਫ ਮੋਟਰ ਵ੍ਹੀਕਲਸ ਤੋਂ ਸਬੂਤ ਦੇਣ ਲਈ ਕਿਹਾ ਜਾਵੇਗਾ ਕਿ ਇਹ ਤੋਹਫਾ, ਦਾਨ ਜਾਂ ਪਰਿਵਾਰ ਦੇ ਮੈਂਬਰ ਤੋਂ ਟ੍ਰਾਂਸਫਰ ਸੀ। ਵਾਹਨ ਨੂੰ ਨਹੀਂ ਗਿਣਿਆ ਜਾਵੇਗਾ ਜੇ ਇਹ ਤੁਹਾਡੇ ਪਰਿਵਾਰ ਦੁਆਰਾ ਕਿਸੇ ਖਾਸ ਕਾਰਨਾਂ ਲਈ ਵਰਤਿਆ ਜਾਂਦਾ ਹੈ। ਆਪਣੇ ਵਰਕਰ ਤੋਂ ਪੁੱਛੋ ਕਿ ਉਹ ਕਾਰਨ ਕੀ ਹਨ। ਤੁਹਾਡਾ ਵਰਕਰ ਤੁਹਾਨੂੰ ਕਿਸੇ ਵੀ ਵਾਹਨ ਦੀ ਕੀਮਤ ਦਾ ਹਿਸਾਬ ਲਗਾਉਣ ਦਾ ਤਰੀਕਾ ਦੱਸੇਗਾ।

**CalFresh:**

ਜਿਨ੍ਹਾਂ ਪ੍ਰਾਪਤਕਰਤਾਵਾਂ ਨੂੰ ਨਕਦ ਸਹਾਇਤਾ ਅਤੇ CalFresh ਫ਼ਾਇਦੇ ਦੋਵੇਂ ਮਿਲਦੇ ਹਨ ਉਨ੍ਹਾਂ ਲਈ CalWORKs ਸੰਪੱਤੀ ਸਬੰਧੀ ਸੀਮਾਵਾਂ (ਉੱਪਰ) ਲਾਗੂ ਹੋਣਗੀਆਂ। ਜੇਕਰ ਤੁਹਾਨੂੰ ਸਿਰਫ਼ CalFresh ਫ਼ਾਇਦੇ ਮਿਲਦੇ ਹਨ, ਤਾਂ ਕਿਸੇ ਬਜ਼ੁਰਗ ਜਾਂ ਅਸਮਰੱਥ ਸਦੱਸ ਤੋਂ ਬਗੈਰ ਪਰਵਾਰਾਂ ਲਈ ਸੰਪੱਤੀ ਦੀ ਸੀਮਾ $2,250 ਹੈ। ਜਿਨ੍ਹਾਂ ਪਰਵਾਰਾਂ 'ਚ ਘੱਟੋ-ਘੱਟ ਇਕ 60 ਸਾਲ ਜਾਂ ਵੱਧ ਦੀ ਉਮਰ ਦਾ ਜਾਂ ਅਸਮਰੱਥ ਸਦੱਸ ਹੈ ਉਨ੍ਹਾਂ ਲਈ ਸੰਪੱਤੀ ਦੀ ਸੀਮਾ $3,250 ਹੈ।

ਜੇਕਰ ਤੁਹਾਡੇ ਪਰਵਾਰ ਦੀ ਕੁੱਲ ਆਮਦਨੀ ਤੁਹਾਡੇ ਪਰਵਾਰ ਦੇ ਆਕਾਰ ਲਈ IRT ਤੋਂ ਜ਼ਿਆਦਾ ਨਹੀਂ ਹੈ ਤਾਂ ਹੋ ਸਕਦਾ ਹੈ ਸੰਪੱਤੀ ਸਬੰਧੀ ਸੀਮਾਵਾਂ ਲਾਗੂ ਨਾ ਹੋਣ। ਤੁਹਾਡੀ CalFresh IRT ਤੁਹਾਡੇ ਪਰਵਾਰ ਦੇ ਆਕਾਰ ਲਈ ਸੰਘੀ ਗਰੀਬੀ ਪੱਧਰ ਦਾ 130% ਹੈ। ਕਾਉਂਟੀ ਤੁਹਾਨੂੰ ਤੁਹਾਡੇ ਪਰਵਾਰ IRT ਦੀ ਰਕਮ ਦੱਸੇਗੀ।

**ਸਿਰਫ਼ ਨਕਦ ਸਹਾਇਤਾ**
**48-ਮਹੀਨਿਆਂ ਦੀ ਸਮੇਂ ਸੀਮਾ**

1 ਜੁਲਾਈ, 2011 ਨੂੰ ਕੋਈ ਮਾਤਾ/ਪਿਤਾ ਜਾਂ ਨਿਗਰਾਨ ਰਿਸ਼ਤੇਦਾਰ ਨਕਦ ਸਹਾਇਤਾ ਲਈ ਯੋਗ ਨਹੀਂ ਹੈ ਜਦੋਂ ਉਸਨੂੰ ਕੁੱਲ 48 ਮਹੀਨਿਆਂ ਲਈ ਨਕਦ ਸਹਾਇਤਾ ਮਿਲ ਚੁੱਕੀ ਹੋਵੇ। CalWORKs ਤੋਂ ਪ੍ਰਾਪਤ ਹੋਈ ਪੂਰੀ ਨਕਦ ਸਹਾਇਤਾ ਅਤੇ/ਜਾਂ Tribal TANF ਜਾਂ ਕਿਸੇ ਹੋਰ ਸਟੇਟ ਅਦਾਲਤ ਤੋਂ 48-ਮਹੀਨੇ ਦੇ ਕੁੱਲ ਯੋਗ ਲਈ ਪ੍ਰਾਪਤ ਹੋਈ ਨਕਦ ਸਹਾਇਤਾ। ਸਿਰਫ਼ 1 ਜਨਵਰੀ, 1998 ਨੂੰ ਜਾਂ ਉਸਤੋਂ ਬਾਅਦ ਪ੍ਰਾਪਤ ਹੋਈ ਨਕਦ ਸਹਾਇਤਾ 48-ਮਹੀਨੇ ਦੇ ਕੁੱਲ ਯੋਗ ਲਈ ਜਾਇਜ਼ ਹੈ। ਇਸ ਸਮੇਂ ਸੀਮਾ ਦੇ ਕੁਝ ਅਪਵਾਦ ਹਨ ਅਤੇ ਬੱਚਿਆਂ 'ਤੇ ਇਹ ਸੀਮਾ ਲਾਗੂ ਨਹੀਂ ਹੁੰਦੀ।

**ਵਸੀਲੇ/ Electronic Benefits Transfer (ਇਲੈਕਟ੍ਰੌਨਿਕ ਫ਼ਾਇਦੇ ਟ੍ਰਾਂਸਫ਼ਰ) (EBT)**

ਮਹੀਨੇ ਦੇ ਅੰਤ 'ਚ EBT ਖਾਤੇ 'ਚ ਬਕਾਇਆ ਕਿਸੇ ਵੀ ਰਕਮ ਨੂੰ ਇਕ ਉਪਲਬਧ ਵਸੀਲਾ ਮੰਨਿਆ ਜਾਵੇਗਾ ਅਤੇ ਜੇਕਰ ਤੁਹਾਡੇ ਕੁੱਲ ਗਿਣਨ ਯੋਗ ਵਸੀਲੇ ਇਜਾਜ਼ਤ ਦੇਣ ਯੋਗ ਵਸੀਲਾ ਸੀਮਾਵਾਂ ਤੋਂ ਜ਼ਿਆਦਾ ਹਨ ਤਾਂ ਇਹ ਤੁਹਾਡੇ ਪਰਵਾਰ ਨੂੰ ਨਕਦ ਸਹਾਇਤਾ ਲਈ ਅਯੋਗ ਬਣਾ ਸਕਦਾ ਹੈ।

**ਸੰਪੱਤੀ ਦੇ ਟ੍ਰਾਂਸਫ਼ਰ ਸਬੰਧੀ ਨਿਯਮ**

ਪ੍ਰਾਪਤਕਰਤਾ ਆਪਣੀ ਸੰਪੱਤੀ ਹੋਲਡਿੰਗਸ ਦੀ ਵਿਕਰੀ, ਵਟਾਂਦਰਾ ਕਰ ਸਕਦੇ ਹਨ ਜਾਂ ਉਨ੍ਹਾਂ ਦੀ ਕਿਸਮ 'ਚ ਬਦਲਾਵ ਕਰ ਸਕਦੇ ਹਨ, ਜੇਕਰ ਉਨ੍ਹਾਂਨੂੰ ਸੰਪੱਤੀ (ਜਾਇਦਾਦ) ਲਈ ਜਾਇਜ਼ ਬਜ਼ਾਰ ਮੁੱਲ ਮਿਲਦਾ ਹੈ। ਜੇਕਰ ਉਨ੍ਹਾਂਨੂੰ ਜਾਇਦਾਦ ਲਈ ਜਾਇਜ਼ ਬਜ਼ਾਰ ਮੁੱਲ ਨਹੀਂ ਮਿਲਦਾ, ਤਾਂ ਪਰਵਾਰ ਨੂੰ ਅਯੋਗਤਾ ਦੀ ਮਿਆਦ ਮਿਲੇਗੀ। ਪ੍ਰਾਪਤ ਰਕਮ ਨੂੰ ਜਾਇਦਾਦ ਦੇ ਜਾਇਜ਼ ਬਜ਼ਾਰ ਮੁੱਲ 'ਚੋਂ ਘਟਾ ਕੇ ਅਤੇ ਫੇਰ ਰਕਮ ਨੂੰ ਪਰਵਾਰ ਲਈ ਜ਼ਰੂਰਤ ਮਾਨਕ ਨਾਲ ਭਾਗ ਕਰ ਕੇ ਅਯੋਗਤਾ ਦੀ ਮਿਆਦ ਦਾ ਹਿਸਾਬ ਲਗਾਇਆ ਜਾਂਦਾ ਹੈ। ਰਕਮ ਨੂੰ ਅਗਲੀ ਘੱਟ ਪੂਰਨ ਸੰਖਿਆ ਤਕ ਪੂਰਨ ਅੰਕ ਬਣਾਇਆ ਜਾਂਦਾ ਹੈ।

**ਸਿਰਫ਼ CALFRESH**
**ਮਦਦਗਾਰ ਸੇਵਾਵਾਂ ਲਈ ਭੱਤੇ**

ਜੇਕਰ ਤੁਹਾਡੇ ਹੀਟਿੰਗ ਅਤੇ ਕੂਲਿੰਗ ਸਬੰਧੀ ਖ਼ਰਚੇ ਹਨ ਤਾਂ Standard Utility Allowance (ਮਦਦਗਾਰ ਸੇਵਾਵਾਂ ਲਈ ਮਿਆਰੀ ਭੱਤਾ) (SUA) ਕਟੌਤੀ ਦੀ ਇਜਾਜ਼ਤ ਦਿੱਤੀ ਜਾਵੇਗੀ। ਜੇਕਰ ਹੀਟਿੰਗ ਜਾਂ ਕੂਲਿੰਗ ਤੋਂ ਇਲਾਵਾ ਤੁਹਾਡੇ ਮਦਦਗਾਰ ਸੇਵਾਵਾਂ, ਜਿਵੇਂ ਪਾਣੀ, ਸੀਵਰ ਅਤੇ ਕੂੜਾ, ਦੇ ਖ਼ਰਚੇ ਹਨ, ਤਾਂ ਤੁਹਾਨੂੰ Limited Utility Allowance (ਮਦਦਗਾਰ ਸੇਵਾਵਾਂ ਲਈ ਸੀਮਿਤ ਭੱਤਾ) (LUA) ਕਟੌਤੀ ਦਿੱਤੀ ਜਾਵੇਗੀ। ਜੇਕਰ ਤੁਹਾਡਾ ਸਿਰਫ਼ ਟੈਲੀਫ਼ੋਨ ਦਾ ਖ਼ਰਚਾ ਹੈ, ਤਾਂ ਤੁਹਾਨੂੰ Telephone Utility Allowance (ਟੈਲੀਫ਼ੋਨ ਉਪਯੋਗ ਭੱਤਾ) (TUA) ਕਟੌਤੀ ਦਿੱਤੀ ਜਾਵੇਗੀ। SUA, LUA ਅਤੇ TUA ਤੁਹਾਡੀ ਆਮਦਨੀ ਨੂੰ ਘਟਾਉਣ ਲਈ ਵਰਤੇ ਜਾਂਦੇ ਹਨ, ਜੋ ਜ਼ਿਆਦਾ ਫ਼ਾਇਦੇ ਪ੍ਰਾਪਤ ਕਰਨ 'ਚ ਤੁਹਾਡੀ ਮਦਦ ਕਰਦਾ ਹੈ।

**ਸਿਰਫ਼ MEDI-CAL /34-COUNTY CMSP**
**ਵਾਧੂ ਸੰਪੱਤੀ ਖ਼ਰਚ ਕਰਨਾ**

- ਜੇਕਰ ਤੁਹਾਨੂੰ ਸਿਰਫ਼ Medi-Cal/34-County CMSP ਮਿਲਦੇ ਹਨ ਜਾਂ ਤੁਸੀਂ ਉਨ੍ਹਾਂ ਲਈ ਅਰਜ਼ੀ ਦਿੰਦੇ ਹੋ ਅਤੇ ਤੁਹਾਡੇ ਕੋਲ ਉਸਤੋਂ ਜ਼ਿਆਦਾ ਸੰਪੱਤੀ ਹੈ ਜਿੰਨੀ ਨਿਯਮ ਇਜਾਜ਼ਤ ਦਿੰਦੇ ਹਨ, ਤਾਂ ਅਰਜ਼ੀ ਦੇ ਮਹੀਨੇ ਸਮੇਤ, ਕਿਸੇ ਵੀ ਮਹੀਨੇ ਦੀ ਆਖ਼ਰੀ ਤਾਰੀਖ਼ ਤਕ ਤੁਸੀਂ ਉਸਨੂੰ ਘਟਾ ਸਕਦੇ ਹੋ। Medi-Cal ਲਈ ਤੁਸੀਂ ਜਿਸ ਤਰ੍ਹਾਂ ਚਾਹੋ ਆਪਣੀ ਵਾਧੂ ਸੰਪੱਤੀ ਨੂੰ ਖ਼ਰਚ ਕਰ ਸਕਦੇ ਹੋ। ਪਰ ਜੇਕਰ ਤੁਸੀਂ ਕਿਸੇ ਸੰਪੱਤੀ ਦੀ ਅਸਲੀ ਕੀਮਤ ਤੋਂ ਘੱਟ ਕੀਮਤ 'ਤੇ ਉਹ ਵੇਚਦੇ ਜਾਂ ਦੇ ਦਿੰਦੇ ਹੋ, ਅਤੇ ਟ੍ਰਾਂਸਫ਼ਰ ਤੋਂ ਬਾਅਦ 30 ਮਹੀਨਿਆਂ ਦੇ ਅੰਦਰ ਤੁਸੀਂ Medi-Cal ਦੇਖਭਾਲ ਦੇ ਨਰਸਿੰਗ ਸੁਵਿਧਾ ਪੱਧਰ ਲਈ ਅਰਜ਼ੀ ਦਿੰਦੇ ਹੋ ਜਾਂ ਉਹ ਪ੍ਰਾਪਤ ਕਰਦੇ ਹੋ ਤਾਂ ਹੋ ਸਕਦਾ ਹੈ ਤੁਸੀਂ ਦੇਖਭਾਲ ਦੇ ਨਰਸਿੰਗ ਸੁਵਿਧਾ ਪੱਧਰ ਲਈ ਯੋਗ ਨਾ ਹੋਵੋ।
- ਜੇਕਰ ਤੁਸੀਂ ਕਿਸੇ ਸੰਪੱਤੀ ਦੀ ਅਸਲੀ ਕੀਮਤ ਤੋਂ ਘੱਟ ਕੀਮਤ 'ਤੇ ਉਹ ਵੇਚਦੇ ਜਾਂ ਦੇ ਦਿੰਦੇ ਹੋ ਤਾਂ ਹੋ ਸਕਦਾ ਹੈ ਤੁਸੀਂ 34-County CMSP ਲਈ ਯੋਗ ਨਾ ਹੋਵੋ।

**ਵਸੀਲੇ ਅਤੇ ਜਾਇਦਾਦ**

- 55 ਸਾਲ ਦੀ ਉਮਰ ਤੋਂ ਬਾਅਦ ਪ੍ਰਾਪਤ ਹੋਏ ਸਭ Medi-Cal ਫ਼ਾਇਦੇ ਮਿਰਤਕ Medi-Cal ਪ੍ਰਾਪਤਕਰਤਾ ਦੀ ਜਾਇਦਾਦ ਤੋਂ ਵਸੂਲੀ ਹੇਠ ਹਨ। ਹਾਲਾਂਕਿ, ਵਸੂਲੀ ਜਾਇਦਾਦ ਦੀ ਕੀਮਤ ਤੋਂ ਜ਼ਿਆਦਾ ਨਹੀਂ ਹੋ ਸਕਦੀ। ਜੇਕਰ ਲਾਭਭੋਗੀ ਤੋਂ ਬਾਅਦ ਉਸਦਾ/ਜੀਵਨ-ਸਾਥੀ ਹੈ ਤਾਂ ਹੋ ਸਕਦਾ ਹੈ ਵਸੂਲੀ ਨਾ ਹੋਵੇ। ਹੋ ਸਕਦਾ ਹੈ ਸਟੇਟ ਕਿਸੇ ਨਾਬਾਲਗ ਬੱਚੇ ਜਾਂ ਪੂਰੀ ਤਰ੍ਹਾਂ ਅਸਮਰੱਥ ਬਾਲਗ ਬੱਚੇ ਲਈ ਛੱਡੇ ਗਏ ਜਾਇਦਾਦ ਦੇ ਵੰਡਵੇਂ ਹਿੱਸੇ ਲਈ ਦਾਅਵਾ ਨਾ ਕਰੇ। ਇਸਤੋਂ ਇਲਾਵਾ ਜੇਕਰ ਵਸੂਲੀ ਕਰਕੇ ਕਿਸੇ ਹੋਰ ਵਾਰਿਸ ਲਈ ਕੋਈ ਅਨੁਚਿਤ ਮੁਸ਼ਕਲ ਪੈਦਾ ਹੁੰਦੀ ਹੈ ਅਤੇ ਇਹ ਕਿ ਮੁਸ਼ਕਲ ਦਰਸ਼ਾਈ ਜਾ ਸਕਦੀ ਹੈ, ਤਾਂ ਹੋ ਸਕਦਾ ਹੈ ਸੰਪੂਰਨ ਜਾਂ ਆਂਸ਼ਿਕ ਤੌਰ 'ਤੇ ਵਸੂਲੀ ਮਾਫ਼ ਕਰ ਦਿੱਤੀ ਜਾਵੇ।
- ਜੇਕਰ ਤੁਸੀਂ ਹੋ ਅਤੇ ਤੁਹਾਡੇ ਘਰ ਜਾਂ ਪੂਰਬਲੇ ਘਰ ਨੂੰ ਛੋਟ ਪ੍ਰਾਪਤ ਨਹੀਂ ਹੈ, ਤਾਂ ਹੋ ਸਕਦਾ ਹੈ Medi-Cal 'ਚ ਸ਼ਾਮਲ ਡਾਕਟਰੀ ਦੇਖਭਾਲ ਦੇ ਖ਼ਰਚੇ ਲਈ ਮੁੜ-ਭੁਗਤਾਨ ਕਰਨ ਲਈ ਸਟੇਟ ਤੁਹਾਡੀ ਸੰਪੱਤੀ ਨੂੰ ਗਿਰਵੀ ਰੱਖਣ ਦਾ ਫ਼ੈਸਲਾ ਸੁਣਾਏ।

**ਉਪਲਬਧ ਸੇਵਾਵਾਂ**

**ਇਸਤਰੀਆਂ, ਨਿਆਣਿਆਂ ਅਤੇ ਬੱਚਿਆਂ (WIC) ਲਈ ਪੂਰਕ ਆਹਾਰ-ਪੁਸ਼ਟੀ ਕਾਰਜਕ੍ਰਮ:** WIC ਕਾਰਜਕ੍ਰਮ ਸਿਰਫ਼ ਗਰਭਵਤੀ ਅਤੇ ਦੁੱਧ ਚੁੰਘਾਉਣ ਵਾਲੀਆਂ ਇਸਤਰੀਆਂ, ਨਿਆਣਿਆਂ ਅਤੇ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਹੈ, ਜਿਨ੍ਹਾਂਨੂੰ ਡਾਕਟਰੀ ਆਹਾਰ-ਪੁਸ਼ਟੀ ਸਬੰਧੀ ਜੋਖਮ ਹਨ। WIC ਬਾਰੇ ਹੋਰ ਤੱਥਾਂ ਲਈ, ਆਪਣੇ ਸਥਾਨਕ ਕਾਉਂਟੀ ਸਿਹਤ ਮਹਿਕਮੇ 'ਚ ਜਾਂ ਟੈਲੀਫ਼ੋਨ ਬੁੱਕ 'ਚ "WIC" ਲਈ ਫ਼ੋਨ ਨੰਬਰ 'ਤੇ ਕਾਲ ਕਰੋ।

**ਵੋਟਰ ਪੰਜੀਕਰਨ:** ਜੇਕਰ ਤੁਸੀਂ ਵੋਟ ਪਾਉਣ ਲਈ ਪੰਜੀਕਰਨ ਕਰਨਾ ਚਾਹੁੰਦੇ ਹੋ, ਤਾਂ ਆਪਣੇ ਮੁਲਾਜ਼ਮ ਨੂੰ ਤੁਹਾਨੂੰ ਇਕ ਪੰਜੀਕਰਨ ਫ਼ਾਰਮ ਭੇਜਣ ਲਈ ਕਹੋ। ਜੇਕਰ ਤੁਹਾਨੂੰ ਉਸਨੂੰ ਭਰਨ 'ਚ ਮਦਦ ਦੀ ਲੋੜ ਹੈ, ਤਾਂ ਆਪਣੇ ਮੁਲਾਜ਼ਮ ਤੋਂ ਪੁੱਛੋ। ਤੁਸੀਂ ਆਪ ਡਾਕ ਰਾਹੀਂ ਫ਼ਾਰਮ ਭੇਜ ਸਕਦੇ ਹੋ। ਭਾਵੇਂ ਤੁਸੀਂ ਪੰਜੀਕਰਨ ਕਰਦੇ ਹੋ ਜਾਂ ਨਹੀਂ, ਸਹਾਇਤਾ ਲਈ ਤੁਹਾਡੀ ਯੋਗਤਾ 'ਤੇ ਕੋਈ ਅਸਰ ਨਹੀਂ ਹੋਵੇਗਾ। ਤੁਹਾਡਾ ਮੁਲਾਜ਼ਮ ਤੁਹਾਨੂੰ ਵੋਟ ਪਾਉਣ ਦਾ ਤਰੀਕਾ ਨਹੀਂ ਦੱਸੇਗਾ।

# ਜੁਰਮਾਨਾ ਚਿਤਾਵਨੀਆਂ

**ਅਯੋਗਤਾ ਜੁਰਮਾਨੇ Cash Aid ਅਤੇ CalFresh**

**ਅਯੋਗਤਾ ਜੁਰਮਾਨੇ ਉਦੋਂ ਸ਼ੁਰੂ ਹੁੰਦੇ ਹਨ ਜਦੋਂ ਕੋਈ ਸਟੇਟ ਸੁਣਵਾਈ ਜਾਂ ਕਾਨੂੰਨੀ ਅਦਾਲਤ ਇਹ ਸਿੱਟਾ ਕੱਢਦੀ ਹੈ ਕਿ ਵਿਅਕਤੀ ਨੇ ਪ੍ਰੋਗਰਾਮ ਦੀ ਇਰਾਦਤਨ ਉਲੰਘਣਾ (IPV) ਕੀਤੀ ਹੈ। ਨਾਲ ਹੀ, ਕੋਈ ਵੀ ਵਿਅਕਤੀ ਜਿਸ 'ਤੇ ਕੋਈ IPV ਕਰਨ ਦਾ ਇਲਜ਼ਾਮ ਲਗਾਇਆ ਗਿਆ ਹੈ, ਇੱਕ ਪ੍ਰਸ਼ਾਸਨਿਕ ਅਯੋਗਤਾ ਸਹਿਮਤੀ ਸਮਝੌਤਾ ਜਾਂ ਅਯੋਗਤਾ ਸੁਣਵਾਈ ਛੋਟ 'ਤੇ ਦਸਤਖਤ ਕਰਕੇ ਅਯੋਗ ਬਣਨ 'ਤੇ ਸਹਿਮਤੀ ਦੇ ਸਕਦਾ ਹੈ। ਕੋਈ ਵੀ ਵਿਅਕਤੀ ਜੋ ਇਹਨਾਂ ਵਿੱਚੋਂ ਇੱਕ ਦਸਤਾਵੇਜ਼ 'ਤੇ ਦਸਤਖਤ ਕਰਦਾ ਹੈ, ਸੁਣਵਾਈ ਦਾ ਕੋਈ ਵੀ ਹੱਕ ਛੱਡ ਦਿੰਦਾ ਹੈ ਅਤੇ ਨਗਦੀ ਸਹਾਇਤਾ ਦੇ ਕਿਸੇ ਵੀ ਜ਼ਿਆਦਾ ਭੁਗਤਾਨ ਅਤੇ/ਜਾਂ ਲੋੜ ਤੋਂ ਵੱਧ ਜਾਰੀ ਕੀਤੇ ਗਏ CalFresh ਦਾ ਵਾਪਸੀ ਭੁਗਤਾਨ ਕਰਨ ਦੀ ਜ਼ਿੰਮੇਵਾਰੀ ਸਵੀਕਾਰ ਕਰਦਾ ਹੈ।**

**ਪ੍ਰੋਗਰਾਮ ਦੇ ਨਿਯਮ ਅਤੇ ਜੁਰਮਾਨੇ**

ਮੈਂ ਸਮਝਦਾ/ਸਮਝਦੀ ਹਾਂ ਕਿ ਜੇ ਮੈਂ ਉਹ ਬੈਨਿਫਿਟ (CalFresh, Cash Aid ਅਤੇ Medi-Cal) ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨ ਲਈ ਜਿਨ੍ਹਾਂ ਨੂੰ ਪ੍ਰਾਪਤ ਕਰਨ ਲਈ ਮੈਂ ਯੋਗ ਨਹੀਂ ਹਾਂ, ਜਾਂ ਕਿਸੇ ਹੋਰ ਦੀ ਉਹ ਬੈਨਿਫਿਟ ਪ੍ਰਾਪਤ ਕਰਨ ਵਿੱਚ ਮਦਦ ਕਰਨ ਲਈ ਜਿਨ੍ਹਾਂ ਨੂੰ ਪ੍ਰਾਪਤ ਕਰਨ ਲਈ ਉਹ ਯੋਗ ਨਹੀਂ ਹੈ, ਜਾਣਬੁਝ ਕੇ ਝੂਠੀ ਜਾਂ ਗਲਤ ਜਾਣਕਾਰੀ ਦਿੰਦਾ/ਦਿੰਦੀ ਹਾਂ, ਜਾਂ ਪੂਰੀ ਜਾਣਕਾਰੀ ਨਹੀਂ ਦਿੰਦਾ/ਦਿੰਦੀ ਹਾਂ, ਜਾਂ ਜੇ ਮੈਂ ਆਪਣੇ ਬੈਨਿਫਿਟਾਂ ਦੀ ਗਲਤ ਵਰਤੋਂ ਕਰਦਾ/ਕਰਦੀ ਹਾਂ (ਇਸ ਨੂੰ ਟ੍ਰੈਫਿਕਿੰਗ ਕਿਹਾ ਜਾਂਦਾ ਹੈ) ਤਾਂ ਮੈਂ ਪ੍ਰੋਗਰਾਮ ਦੀ ਇਰਾਦਤਨ ਉਲੰਘਣਾ ਕਰ ਰਿਹਾ/ਰਹੀ ਹਾਂ ਜੋ ਇੱਕ ਜੁਰਮ ਵੀ ਹੋ ਸਕਦਾ ਹੈ। ਜੇ ਮੈਂ ਇਹ ਜਾਣਬੁਝ ਕੇ ਕਰਦਾ/ਕਰਦੀ ਹਾਂ ਅਤੇ ਬੈਨਿਫਿਟਾਂ ਵਿੱਚ $950 ਤੋਂ ਵੱਧ ਪ੍ਰਾਪਤ ਕਰਦਾ/ਕਰਦੀ ਹਾਂ ਜਿਨ੍ਹਾਂ ਲਈ ਮੈਂ ਯੋਗ ਨਹੀਂ ਸੀ, ਤਾਂ ਮੇਰੇ 'ਤੇ ਗੰਭੀਰ ਜੁਰਮ ਕਰਨ ਦਾ ਦੋਸ਼ ਲਗਾਇਆ ਜਾ ਸਕਦਾ ਹੈ।

**<u>ਇਸ ਤੋਂ ਇਲਾਵਾ, ਮੈਂ ਸਮਝਦਾ/ਸਮਝਦੀ ਹਾਂ ਕਿ ਮੈਨੂੰ ਪ੍ਰਾਪਤ ਹੋਏ ਉਹਨਾਂ ਕਿਸੇ ਵੀ ਬੈਨਿਫਿਟਾਂ ਨੂੰ ਵਾਪਸ ਕਰਨਾ ਪਵੇਗਾ ਜਿਨ੍ਹਾਂ ਲਈ ਮੈਂ ਯੋਗ ਨਹੀਂ ਸੀ ਜਾਂ ਜਿਨ੍ਹਾਂ ਦੀ ਮੈਂ ਗਲਤ ਵਰਤੋਂ ਕੀਤੀ ਸੀ।</u>**

| ਪ੍ਰੋਗਰਾਮ ਦੀਆਂ ਉਲੰਘਣਾਵਾਂ | ਜੁਰਮਾਨੇ |
|---|---|
| **CalFresh ਲਈ: ਮੈਂ ਸਮਝਦਾ ਹਾਂ ਕਿ ਮੈਂ ਪ੍ਰੋਗਰਾਮ ਦੀ ਇਰਾਦਤਨ ਉਲੰਘਣਾ ਕੀਤੀ ਹੋ ਸਕਦੀ ਹੈ ਜੇ ਮੈਂ ਹੇਠਾਂ ਦਿੱਤਿਆਂ ਵਿੱਚੋਂ ਕੁਝ ਕਰਦਾ/ਕਰਦੀ ਹਾਂ:**<br>• ਕਿਸੇ ਹੋਰ ਦੇ ਇਲੈਕਟ੍ਰੋਨਿਕ ਬੈਨਿਫਿਟ ਟ੍ਰਾਂਸਫਰ (EBT) ਕਾਰਡਾਂ ਨੂੰ ਵਰਤਣਾ ਜਾਂ ਕਿਸੇ ਹੋਰ ਨੂੰ ਆਪਣਾ ਕਾਰਡ ਵਰਤਣ ਦੇਣਾ<br>• ਇਸ ਬਾਰੇ ਗਲਤ ਜਾਣਕਾਰੀ ਦੇਣੀ ਕਿ ਮੈਂ ਕੌਣ ਹਾਂ ਜਾਂ ਮੈਂ ਕਿੱਥੇ ਰਹਿੰਦਾ/ਰਹਿੰਦੀ ਹਾਂ<br>• ਦੂਹਰੇ ਬੈਨਿਫਿਟ ਲੈਣ ਦੀ ਕੋਸ਼ਿਸ਼ ਕਰਨੀ, ਉਦਾਹਰਨ ਲਈ, ਇੱਕੋ ਸਮੇਂ ਤੋਂ ਦੋ ਜਾਂ ਵੱਧ ਵੱਖ-ਵੱਖ ਕਾਉਂਟੀਆਂ ਜਾਂ ਰਾਜਾਂ ਵਿੱਚ ਦਰਖਾਸਤ ਦੇਣੀ<br>• ਪਰਿਵਾਰ ਦੇ ਉਹਨਾਂ ਬੱਚੇ ਜਾਂ ਬਾਲਗ ਮੈਂਬਰਾਂ ਲਈ ਝੂਠੇ ਦਸਤਾਵੇਜ਼ ਜਮ੍ਹਾਂ ਕਰਨੇ ਜੋ ਯੋਗ ਨਹੀਂ ਹਨ ਜਾਂ ਜੋ ਮੌਜੂਦ ਨਹੀਂ ਹਨ<br>• ਆਪਣੀ ਪ੍ਰੋਬੇਸ਼ਨ ਜਾਂ ਪੇਰੋਲ ਦੀਆਂ ਸ਼ਰਤਾਂ ਦੀ ਉਲੰਘਣਾ ਕਰਨੀ<br>• ਗੰਭੀਰ ਅਪਰਾਧ ਦਾ ਦੋਸ਼ ਸਿੱਧ ਹੋ ਜਾਣ ਤੋਂ ਬਾਅਦ ਭੱਜ ਜਾਣਾ<br>• CalFresh ਬੈਨਿਫਿਟਾਂ ਜਾਂ EBT ਕਾਰਡਾਂ ਦਾ ਸੌਦਾ ਕਰਨਾ, ਇਹਨਾਂ ਨੂੰ ਖਰੀਦਣਾ, ਵੇਚਣਾ ਜਾਂ ਕਿਸੇ ਨੂੰ ਦੇਣਾ ਜਾਂ CalFresh ਬੈਨਿਫਿਟਾਂ ਜਾਂ EBT ਕਾਰਡਾਂ ਦਾ ਸੌਦਾ ਕਰਨ, ਇਹਨਾਂ ਨੂੰ ਖਰੀਦਣ, ਵੇਚਣ ਜਾਂ ਕਿਸੇ ਨੂੰ ਦੇਣ ਦੀ <u>ਕੋਸ਼ਿਸ਼</u> ਕਰਨੀ<br>• ਇਹਨਾਂ ਲਈ CalFresh ਬੈਨਿਫਿਟਾਂ ਦਾ ਸੌਦਾ ਕਰਨਾ, ਜਾਂ CalFresh ਬੈਨਿਫਿਟਾਂ ਦਾ ਸੌਦਾ ਕਰਨ ਦੀ <u>ਕੋਸ਼ਿਸ਼</u> ਕਰਨੀ: ਨਗਦੀ; ਗੋਲੀ ਮਾਰਨ ਵਾਲੇ ਹਥਿਆਰ; ਗੈਰ-ਯੋਗ ਵਸਤੂਆਂ, ਤਮਾਕੂ, ਵਿਸਫੋਟਕ, ਅਸਲਾ, ਨਿਯੰਤ੍ਰਿਤ ਪਦਾਰਥ ਜਿਵੇਂ ਕਿ ਨਸ਼ੀਲੀਆਂ ਦਵਾਈਆਂ ਅਤੇ ਅਲਕੋਹਲ<br>• CalFresh ਬੈਨਿਫਿਟ ਦੇ ਨਾਲ ਕੋਈ ਅਜਿਹੀ ਚੀਜ਼ ਖਰੀਦਣੀ ਜਿਸਦਾ ਵਾਪਸੀ ਡਿਪੌਜ਼ਿਟ ਹੁੰਦਾ ਹੈ, ਜਾਣਬੁਝ ਕੇ ਸਮੱਗਰੀ ਨੂੰ ਸੁੱਟ ਦੇਣਾ ਅਤੇ ਕੰਟੇਨਰ ਨੂੰ ਡਿਪੌਜ਼ਿਟ ਰਕਮ ਲਈ ਵਾਪਸ ਕਰ ਦੇਣਾ, ਜਾਂ ਕੰਟੇਨਰ ਨੂੰ ਡਿਪੌਜ਼ਿਟ ਰਕਮ ਲਈ ਵਾਪਸ ਕਰਨ ਦੀ <u>ਕੋਸ਼ਿਸ਼</u> ਕਰਨੀ<br>• CalFresh ਬੈਨਿਫਿਟਾਂ ਨਾਲ ਕੋਈ ਚੀਜ਼ ਖਰੀਦਣੀ ਅਤੇ ਇਸ ਨੂੰ ਜਾਣਬੁਝ ਕੇ ਨਗਦੀ ਵਾਸਤੇ ਜਾਂ ਯੋਗ ਭੋਜਨ ਦੇ ਇਲਾਵਾ ਕਿਸੇ ਕੋਰ ਚੀਜ਼ ਵਾਸਤੇ ਦੁਬਾਰਾ ਵੇਚ ਦੇਣਾ। | **ਮੈਂ CalFresh ਬੈਨਿਫਿਟ ਗੁਆ ਸਕਦਾ/ਸਕਦੀ ਹਾਂ:**<br>• ਪਹਿਲੇ ਜੁਰਮ ਲਈ ਇੱਕ ਸਾਲ, ਦੂਜੇ ਜੁਰਮ ਲਈ ਦੋ ਸਾਲ ਜਾਂ ਹਮੇਸ਼ਾ ਵਾਸਤੇ<br>• ਮੈਨੂੰ $250,000 ਤਕ ਦਾ ਜੁਰਮਾਨਾ, 20 ਸਾਲਾਂ ਤਕ ਦੀ ਕੈਦ (ਜੇਲ੍ਹ ਵਿੱਚ ਭੇਜਿਆ ਜਾਣਾ) ਜਾਂ ਦੋਵੇਂ ਹੋ ਸਕਦੇ ਹਨ |
| **Cash Aid ਲਈ: ਮੈਂ ਸਮਝਦਾ ਹਾਂ ਕਿ ਮੈਂ ਪ੍ਰੋਗਰਾਮ ਦੀ ਇਰਾਦਤਨ ਉਲੰਘਣਾ ਕੀਤੀ ਹੋ ਸਕਦੀ ਹੈ ਅਤੇ ਮੈਂ ਆਪਣੇ ਬੈਨਿਫਿਟ ਗੁਆ ਸਕਦਾ/ਸਕਦੀ ਹਾਂ ਜੇ ਮੈਂ ਹੇਠਾਂ ਦਿੱਤਿਆਂ ਵਿੱਚੋਂ ਕੁਝ ਕਰਦਾ/ਕਰਦੀ ਹਾਂ:**<br>• ਇਸ ਬਾਰੇ ਗਲਤ ਜਾਣਕਾਰੀ ਦੇਣੀ ਕਿ ਮੈਂ ਕੌਣ ਹਾਂ ਜਾਂ ਮੈਂ ਕਿੱਥੇ ਰਹਿੰਦਾ/ਰਹਿੰਦੀ ਹਾਂ<br>• ਦੂਹਰੇ ਬੈਨਿਫਿਟ ਲੈਣ ਦੀ ਕੋਸ਼ਿਸ਼ ਕਰਨੀ, ਉਦਾਹਰਨ ਲਈ, ਇੱਕੋ ਸਮੇਂ ਤੋਂ ਦੋ ਜਾਂ ਵੱਧ ਵੱਖ-ਵੱਖ ਕਾਉਂਟੀਆਂ ਜਾਂ ਰਾਜਾਂ ਵਿੱਚ ਦਰਖਾਸਤ ਦੇਣੀ<br>• ਪਰਿਵਾਰ ਦੇ ਉਹਨਾਂ ਬੱਚੇ ਜਾਂ ਬਾਲਗ ਮੈਂਬਰਾਂ ਲਈ ਝੂਠੇ ਦਸਤਾਵੇਜ਼ ਜਮ੍ਹਾਂ ਕਰਨੇ ਜੋ ਯੋਗ ਨਹੀਂ ਹਨ ਜਾਂ ਜੋ ਮੌਜੂਦ ਨਹੀਂ ਹਨ<br>• ਆਪਣੀ ਪ੍ਰੋਬੇਸ਼ਨ ਜਾਂ ਪੇਰੋਲ ਦੀਆਂ ਸ਼ਰਤਾਂ ਦੀ ਉਲੰਘਣਾ ਕਰਨੀ<br>• ਗੰਭੀਰ ਅਪਰਾਧ ਦਾ ਦੋਸ਼ ਸਿੱਧ ਹੋ ਜਾਣ ਤੋਂ ਬਾਅਦ ਭੱਜ ਜਾਣਾ | **ਮੈਂ Cash Aid ਬੈਨਿਫਿਟ ਗੁਆ ਸਕਦਾ/ਸਕਦੀ ਹਾਂ:**<br>• ਛੇ ਮਹੀਨਿਆਂ, ਇੱਕ ਸਾਲ, ਦੋ ਸਾਲਾਂ, ਚਾਰ ਸਾਲਾਂ, ਪੰਜ ਸਾਲਾਂ ਅਤੇ ਹਮੇਸ਼ਾ ਲਈ<br>• ਅਤੇ ਮੇਰੇ 'ਤੇ $10,000 ਤਕ ਦਾ ਜੁਰਮਾਨਾ ਲਗਾਇਆ ਜਾ ਸਕਦਾ ਹੈ ਤੇ/ਜਾਂ ਪੰਜ ਸਾਲਾਂ ਤਕ ਲਈ ਜੇਲ੍ਹ ਭੇਜਿਆ ਜਾ ਸਕਦਾ ਹੈ |

| ਬਿਨੈਕਾਰ/ਪ੍ਰਾਪਤਕਰਤਾ ਦਾ ਪ੍ਰਮਾਣੀਕਰਣ | (ਯੋਗਤਾ ਮੁਲਾਜ਼ਮ ਦਾ ਪ੍ਰਮਾਣੀਕਰਣ)<br>**ELIGIBILITY WORKER´S CERTIFICATION** |
|---|---|
| • ਮੈਂ ਸਮਝਦਾ/ਸਮਝਦੀ ਹਾਂ ਕਿ ਨਕਦ ਸਹਾਇਤਾ ਲਈ ਇਰਾਦਤਨ ਮਕਸਦਾਂ 'ਚੋਂ ਇਕ ਮੇਰੇ ਪਰਵਾਰ ਦੀਆਂ ਮੁੱਢਲੀਆਂ ਜ਼ਰੂਰਤਾਂ ਨੂੰ ਪੂਰਾ ਕਰਨ 'ਚ ਮਦਦ ਕਰਨਾ ਹੈ, ਜਿਨ੍ਹਾਂ 'ਚ ਰਿਹਾਇਸ਼, ਭੋਜਨ, ਕਪੜੇ ਸ਼ਾਮਲ ਹਨ।<br>• ਮੈਂ ਆਪਣੇ ਹੱਕ ਅਤੇ ਜ਼ਿੰਮੇਵਾਰੀਆਂ ਨੂੰ ਸਮਝਦਾ/ਸਮਝਦੀ ਹਾਂ ਅਤੇ ਆਪਣੀਆਂ ਜ਼ਿੰਮੇਵਾਰੀਆਂ ਦੀ ਪਾਲਣਾ ਕਰਨ ਲਈ ਸਹਿਮਤ ਹਾਂ।<br>• ਮੈਂ ਨਾਮੁਕੰਮਲ ਜਾਂ ਗਲਤ ਤੱਥ ਦੇਣ, ਜਾਂ ਨਕਦ ਸਹਾਇਤਾ ਜਾਂ CalFresh ਲਈ ਮੇਰੀ ਯੋਗਤਾ ਜਾਂ ਫ਼ਾਇਦਿਆਂ ਦੇ ਪੱਧਰ, ਅਤੇ/ਜਾਂ Medi-Cal/34-County CMSP ਸਬੰਧੀ ਖ਼ਰਚੇ 'ਚ ਮੇਰੇ ਹਿੱਸੇ 'ਤੇ ਅਸਰ ਕਰਨ ਵਾਲੇ ਤੱਥਾਂ ਜਾਂ ਸਥਿਤੀਆਂ ਦੀ ਜਾਣਕਾਰੀ ਦੇਣ 'ਚ ਨਾਕਾਮਯਾਬ ਰਹਿਣ ਲਈ ਜੁਰਮਾਨੇ ਵੀ ਸਮਝਦਾ/ਸਮਝਦੀ ਹਾਂ।<br>• ਮੈਂ ਪ੍ਰਮਾਣਿਤ ਕਰਦਾ/ਕਰਦੀ ਹਾਂ ਕਿ ਮੈਨੂੰ ਹੱਕ, ਜ਼ਿੰਮੇਵਾਰੀਆਂ, ਅਤੇ ਹੋਰ ਮਹੱਤਵਪੂਰਨ ਜਾਣਕਾਰੀ (SAWS 2A) ਦੀ ਕਾਪੀ ਦਿੱਤੀ ਗਈ ਸੀ।<br>• ਮੈਂ ਇਹ ਵੀ ਪ੍ਰਮਾਣਿਤ ਕਰਦਾ/ਕਰਦੀ ਹਾਂ ਕਿ, ਜੇਕਰ ਮੈਂ ਨਕਦ ਸਹਾਇਤਾ ਲਈ ਅਰਜ਼ੀ ਦਿੱਤੀ ਸੀ ਜਾਂ ਉਹ ਪ੍ਰਾਪਤ ਕੀਤੀ ਸੀ, ਮੈਨੂੰ ਇਨ੍ਹਾਂ ਦੀ ਕਾਪੀ ਮਿਲੀ ਸੀ:<br>☐ Welfare to Work Informing Notice (ਵੈਲਫ਼ੇਅਰ ਟੂ ਵਰਕ ਜਾਣਕਾਰੀ ਨੋਟਿਸ) (WTW 5)<br>______________________<br>(ਬਿਨੈਕਾਰ/ਪ੍ਰਾਪਤਕਰਤਾ ਦੇ ਦਸਤਖ਼ਤ)<br>• ਮੈਂ ਇਹ ਵੀ ਪ੍ਰਮਾਣਿਤ ਕਰਦਾ/ਕਰਦੀ ਹਾਂ ਕਿ ਜੇਕਰ ਮੈਂ Medi-Cal/34-County CMSP ਲਈ ਅਰਜ਼ੀ ਦਿੱਤੀ ਸੀ, ਮੈਨੂੰ MC 219 /CMSP 219 ਦੀ ਕਾਪੀ ਮਿਲੀ ਸੀ ਅਤੇ ਉਸਦੀ ਸਮੱਗਰੀ ਮੈਨੂੰ ਸਮਝਾਈ ਗਈ ਸੀ। | **I certify that the applicant/recipient appears to understand:**<br>• his/her rights and responsibilities and<br>• the penalties for giving incomplete or wrong facts, or for failing to report facts or situations that may affect his/her eligibility or benefit level for cash aid or CalFresh, and/or share of cost for Medi-Cal/34-County CMSP<br>**I also certify that the applicant/recipient was given a copy of:**<br>• The Rights, Responsibilities, and Other Important Information (SAWS 2 PLUS)<br>• For cash aid:<br>☐ Welfare to Work Informing Notice (WTW 5)<br>• For Medi-Cal/34-County CMSP: the MC 219/CMSP 219 and that its contents were explained to him/her. |

| ਦਸਤਖ਼ਤ (ਮਾਤਾ/ਪਿਤਾ ਜਾਂ ਨਿਗਰਾਨ ਰਿਸ਼ਤੇਦਾਰ, CalFresh ਪਰਵਾਰ ਦਾ ਸਦੱਸ ਜਾਂ ਇਖ਼ਤਿਆਰੀ ਨੁਮਾਇੰਦਾ, Medi-Cal/34-County CMSP ਬਿਨੈਕਾਰ/ਲਾਭਭੋਗੀ) | | ਤਾਰੀਖ਼ |
|---|---|---|
| ਦਸਤਖ਼ਤ (ਘਰ 'ਚ ਰਹਿਣ ਵਾਲਾ/ਵਾਲੀ ਪਿਤਾ/ਮਾਤਾ, ਪੰਜੀਕ੍ਰਿਤ ਘਰੇਲੂ ਸਾਥੀ) | ਗਵਾਹ, ਜੇਕਰ ਤੁਸੀਂ ਇਕ "X"ਨਾਲ ਦਸਤਖ਼ਤ ਕੀਤੇ ਸਨ | ਤਾਰੀਖ਼ |
| ਯੋਗ ਕਰਮਚਾਰੀ ਦੇ ਦਸਤਖ਼ਤ | ਯੋਗ ਕਰਮਚਾਰੀ ਦਾ ਨੰਬਰ | ਤਾਰੀਖ਼ |

| ਬਿਨੈਕਾਰ/ਪ੍ਰਾਪਤਕਰਤਾ ਦਾ ਪ੍ਰਮਾਣੀਕਰਣ | (ਯੋਗਤਾ ਮੁਲਾਜ਼ਮ ਦਾ ਪ੍ਰਮਾਣੀਕਰਣ)<br>**ELIGIBILITY WORKER´S CERTIFICATION** |
|---|---|
| • ਮੈਂ ਸਮਝਦਾ/ਸਮਝਦੀ ਹਾਂ ਕਿ ਨਕਦ ਸਹਾਇਤਾ ਲਈ ਇਰਾਦਤਨ ਮਕਸਦਾਂ 'ਚੋਂ ਇਕ ਮੇਰੇ ਪਰਵਾਰ ਦੀਆਂ ਮੁਢੱਲੀਆਂ ਜ਼ਰੂਰਤਾਂ ਨੂੰ ਪੂਰਾ ਕਰਨ 'ਚ ਮਦਦ ਕਰਨਾ ਹੈ, ਜਿਨ੍ਹਾਂ 'ਚ ਰਿਹਾਇਸ਼, ਭੋਜਨ, ਕਪੜੇ ਸ਼ਾਮਲ ਹਨ।<br>• ਮੈਂ ਆਪਣੇ ਹੱਕ ਅਤੇ ਜ਼ਿੰਮੇਵਾਰੀਆਂ ਨੂੰ ਸਮਝਦਾ/ਸਮਝਦੀ ਹਾਂ ਅਤੇ ਆਪਣੀਆਂ ਜ਼ਿੰਮੇਵਾਰੀਆਂ ਦੀ ਪਾਲਣਾ ਕਰਨ ਲਈ ਸਹਿਮਤ ਹਾਂ।<br>• ਮੈਂ ਨਾਮੁਕੰਮਲ ਜਾਂ ਗਲਤ ਤੱਥ ਦੇਣ, ਜਾਂ ਨਕਦ ਸਹਾਇਤਾ ਜਾਂ CalFresh ਲਈ ਮੇਰੀ ਯੋਗਤਾ ਜਾਂ ਫ਼ਾਇਦਿਆਂ ਦੇ ਪੱਧਰ, ਅਤੇ/ਜਾਂ Medi-Cal/34-County CMSP ਸਬੰਧੀ ਖ਼ਰਚੇ 'ਚ ਮੇਰੇ ਹਿੱਸੇ 'ਤੇ ਅਸਰ ਕਰਨ ਵਾਲੇ ਤੱਥਾਂ ਜਾਂ ਸਥਿਤੀਆਂ ਦੀ ਜਾਣਕਾਰੀ ਦੇਣ 'ਚ ਨਾਕਾਮਯਾਬ ਰਹਿਣ ਲਈ ਜੁਰਮਾਨੇ ਵੀ ਸਮਝਦਾ/ਸਮਝਦੀ ਹਾਂ।<br>• ਮੈਂ ਪ੍ਰਮਾਣਿਤ ਕਰਦਾ/ਕਰਦੀ ਹਾਂ ਕਿ ਮੈਨੂੰ ਹੱਕ, ਜ਼ਿੰਮੇਵਾਰੀਆਂ, ਅਤੇ ਹੋਰ ਮਹੱਤਵਪੂਰਨ ਜਾਣਕਾਰੀ (SAWS 2A) ਦੀ ਕਾਪੀ ਦਿੱਤੀ ਗਈ ਸੀ।<br>• ਮੈਂ ਇਹ ਵੀ ਪ੍ਰਮਾਣਿਤ ਕਰਦਾ/ਕਰਦੀ ਹਾਂ ਕਿ, ਜੇਕਰ ਮੈਂ ਨਕਦ ਸਹਾਇਤਾ ਲਈ ਅਰਜ਼ੀ ਦਿੱਤੀ ਸੀ ਜਾਂ ਉਹ ਪ੍ਰਾਪਤ ਕੀਤੀ ਸੀ, ਮੈਨੂੰ ਇਨ੍ਹਾਂ ਦੀ ਕਾਪੀ ਮਿਲੀ ਸੀ:<br>☐ Welfare to Work Informing Notice (ਵੈਲਫ਼ੇਅਰ ਟੂ ਵਰਕ ਜਾਣਕਾਰੀ ਨੋਟਿਸ) (WTW 5)<br>____________________<br>(ਬਿਨੈਕਾਰ/ਪ੍ਰਾਪਤਕਰਤਾ ਦੇ ਦਸਤਖ਼ਤ)<br>• ਮੈਂ ਇਹ ਵੀ ਪ੍ਰਮਾਣਿਤ ਕਰਦਾ/ਕਰਦੀ ਹਾਂ ਕਿ ਜੇਕਰ ਮੈਂ Medi-Cal/34-County CMSP ਲਈ ਅਰਜ਼ੀ ਦਿੱਤੀ ਸੀ, ਮੈਨੂੰ MC 219 /CMSP 219 ਦੀ ਕਾਪੀ ਮਿਲੀ ਸੀ ਅਤੇ ਉਸਦੀ ਸਮੱਗਰੀ ਮੈਨੂੰ ਸਮਝਾਈ ਗਈ ਸੀ। | **I certify that the applicant/recipient appears to understand:**<br>• his/her rights and responsibilities and<br>• the penalties for giving incomplete or wrong facts, or for failing to report facts or situations that may affect his/her eligibility or benefit level for cash aid or CalFresh, and/or share of cost for Medi-Cal/34-County CMSP<br>**I also certify that the applicant/recipient was given a copy of:**<br>• The Rights, Responsibilities, and Other Important Information (SAWS 2 PLUS)<br>• For cash aid:<br>☐ Welfare to Work Informing Notice (WTW 5)<br>• For Medi-Cal/34-County CMSP: the MC 219/CMSP 219 and that its contents were explained to him/her. |

| | | |
|---|---|---|
| ਦਸਤਖ਼ਤ (ਮਾਤਾ/ਪਿਤਾ ਜਾਂ ਨਿਗਰਾਨ ਰਿਸ਼ਤੇਦਾਰ, CalFresh ਪਰਵਾਰ ਦਾ ਸਦੱਸ ਜਾਂ ਇਖ਼ਤਿਆਰੀ ਨੁਮਾਇੰਦਾ, Medi-Cal/34-County CMSP ਬਿਨੈਕਾਰ/ਲਾਭਭੋਗੀ) | | ਤਾਰੀਖ਼ |
| ਦਸਤਖ਼ਤ (ਘਰ 'ਚ ਰਹਿਣ ਵਾਲਾ/ਵਾਲੀ ਪਿਤਾ/ਮਾਤਾ, ਪੰਜੀਕ੍ਰਿਤ ਘਰੇਲੂ ਸਾਥੀ) | ਗਵਾਹ, ਜੇਕਰ ਤੁਸੀਂ ਇਕ "X"ਨਾਲ ਦਸਤਖ਼ਤ ਕੀਤੇ ਸਨ | ਤਾਰੀਖ਼ |
| ਯੋਗ ਕਰਮਚਾਰੀ ਦੇ ਦਸਤਖ਼ਤ | ਯੋਗ ਕਰਮਚਾਰੀ ਦਾ ਨੰਬਰ | ਤਾਰੀਖ਼ |